SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 29
October 30, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਭਾਰਤ ਦੀ ਸਭ ਤੋਂ ਵੱਡੀ ਏਅਰਲਾਈਨਜ਼ ਏਅਰ ਇੰਡੀਆ ਵੱਲੋਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਆਪਣੇ ਜਹਾਜ਼ਾਂ ਦੀ ਟੇਲ (ਪੂਛ) ਦੇ ਉਤੇ ਏਕ ਓਂਕਾਰ (੧ਓ) ਦਾ ਨਿਸ਼ਾਨ ਲਗਾਇਆ ਜਾਵੇਗਾ। ਇਹ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰੇ ਸਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਹਨ।



ਬਾਬਾ ਸਾਹਿਬ ਡਾ. ਅੰਬੇਡਕਰ ਦੇ Great Grand Nephew ਸ੍ਰੀ ਰਾਜ ਰਤਨ ਜੀ ਦਾ ਕੈਲੇਫੋਰਨੀਆ 29 ਅਕਤੂਬਰ ਨੂੰ ਪਹੁੰਚਣ ਤੇ ਸੈਨਫਰਾਂਸਿਸਕੋ ਏਅਰਪੋਰਟ ਤੇ ਸਵਾਗਤ ਕਰਦੇ ਹੋਏ ਸ੍ਰੀ ਓ. ਪੀ. ਬਾਲੀ, ਸ੍ਰੀ ਸ਼ਸ਼ੀ ਪਾਲ ਅਤੇ ਸ੍ਰੀ ਵਿਨੋਦ ਚੁੰਬਰ। *(ਸਬੰਧਤ ਜਾਣਕਾਰੀ ਲਈ ਦੇਖੋ ਸਫਾ 11)*

## ਯੂਬਾ ਸਿਟੀ ਦਾ 40ਵਾਂ ਮਹਾਨ ਨਗਰ ਕੀਰਤਨ 3 ਨਵੰਬਰ 2019



ਜੁੱਗੋ ਜੁੱਗ ਅਟਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ, ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ, ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਖੁਸ਼ੀ ਵਿਚ ਕੁੱਲ ਲੋਕਾਈ ਨੂੰ

**ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ**

ਡਾ. ਰੌਣਕੀ ਰਾਮ ਅਤੇ ਪ੍ਰੋ. ਐਚ. ਐਲ. ਕਪੂਰ ਦੇ ਵਿਸ਼ੇਸ਼ ਆਰਟੀਕਲ ਦੇਖੋ ਸਫਾ 25 ਅਤੇ 27 'ਤੇ *(ਇਸਤਿਹਾਰ ਦੇਖੋ ਆਖਰੀ ਸਫੇ 'ਤੇ)*

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫੇ ਨਾਲ ਜੋੜੇਗੀ ਹੈਰੀਟੇਜ ਵਾਕ



**ਸੁਲਤਾਨਪੁਰ ਲੋਧੀ-** ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੀ ਡਾਇਰੈਕਟਰ ਅਨਿੰਦਿਤਾ ਮਿੱਤਰਾ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵਲੋਂ ਸੁਲਤਾਨਪੁਰ ਲੋਧੀ ਵਿਖੇ 3 ਨਵੰਬਰ ਨੂੰ ਕਰਵਾਈ ਜਾ ਰਹੀ ਹੈਰੀਟੇਜ ਵਾਕ ਲੋਕਾਂ ਨੂੰ ਤੇ ਵਿਸ਼ੇਸ਼ ਕਰਕੇ ਨੌਜਵਾਨਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਨੁੱਖਤਾ ਅਤੇ ਸ਼ਾਂਤੀ ਦੇ ਸੰਦੇਸ਼ ਨਾਲ ਜੋੜਨ ਵਿੱਚ ਸਹਾਈ ਹੋਵੇਗੀ। ਡਾਇਰੈਕਟਰ ਲੋਕ ਸੰਪਰਕ ਜੋ ਕਿ ਸੁਲਤਾਨਪੁਰ ਲੋਧੀ ਵਿਖੇ ਹੈਰੀਟੇਜ ਵਾਕ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਆਏ ਸਨ ਨੇ ਕਿਹਾ ਕਿ ਹੈਰੀਟੇਜ ਵਾਕ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫੇ ਦਾ ਪ੍ਰਚਾਰ ਤੇ ਪ੍ਰਸਾਰ ਕਰੇਗੀ ਉਥੇ ਹੀ ਸ਼ਹਿਰ ਦੇ 10 ਸਦੀਆਂ ਪੁਰਾਣੇ ਇਤਿਹਾਸ ਨੂੰ ਵੀ ਰੂਪਮਾਨ ਕਰੇਗੀ। ਉਨ੍ਹਾਂ ਐੱਸਡੀਐੱਮ ਡਾ. ਚਾਰੂਮਿਤਾ, ਮੇਲਾ ਅਫ਼ਸਰ ਨਵਨੀਤ ਕੌਰ ਬੱਲ, ਡੀਐੱਸਪੀ ਵਿਸ਼ਾਲਜੀਤ ਸਿੰਘ ਨਾਲ ਹੈਰੀਟੇਜ ਵਾਕ ਦੇ ਰੂਟ ਦਾ ਪੈਦਲ ਚੱਲ ਕੇ ਨਿਰੀਖਣ ਕੀਤਾ। ਹੈਰੀਟੇਜ ਵਾਕ ਸ਼ਹੀਦ ਊਧਮ ਸਿੰਘ ਚੌਕ ਤੋਂ ਸਵੇਰੇ 7.15 ਵਜੇ ਸ਼ੁਰੂ ਹੋਵੇਗੀ ਜੋ ਕਿ ਗੁਰੂ ਦੁਆਰਾ ਗੁਰੂ ਕਾ ਬਾਗ਼, ਗੁਰਦੁਆਰਾ ਕੋਠੜੀ ਸਾਹਿਬ, ਬੇਬੇ ਨਾਨਕੀ ਘਰ, ਗੁਰਦੁਆਰਾ ਹੱਟ ਸਾਹਿਬ ਤੋਂ ਹੁੰਦੀ ਹੋਈ ਗੁਰੂਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਸਮਾਪਤ ਹੋਵੇਗੀ। ਹੈਰੀਟੇਜ ਵਾਕ 'ਚ ਜਿਥੇ ਪਟਿਆਲਾ ਫਾਊਂਡੇਸ਼ਨ ਦੇ 300 ਤੋਂ ਜ਼ਿਆਦਾ ਵਲੰਟੀਅਰ ਭਾਗ ਲੈਣਗੇ। ਉਥੇ ਹੀ ਖੇਡਾਂ, ਸੱਭਿਆਚਾਰ, ਧਾਰਮਿਕ ਖੇਤਰ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਤੋਂ ਇਲਾਵਾ ਵਿਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਵਲੋਂ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ ਜਾਵੇਗੀ। ਡਾਇਰੈਕਟਰ ਲੋਕ ਸੰਪਰਕ ਵਲੋਂ ਪ੍ਰਕਾਸ਼ ਪੁਰਬ ਵਲੋਂ ਪੰਜਾਬ ਸਰਕਾਰ ਵਲੋਂ ਬਣਾਏ ਮੁੱਖ ਪੰਡਾਲ ਵਿਖੇ ਮੀਡੀਆ ਸੈਂਟਰ ਦਾ ਵੀ ਨਿਰੀਖਣ ਕੀਤਾ ਗਿਆ। ਇਸ ਮੀਡੀਆ ਸੈਂਟਰ ਵਿੱਚ ਵਰਕ ਸਟੇਸ਼ਨ, ਹੈਲਪ ਡੈਸਕ, ਮੀਡੀਆ ਲਾਂਜ, ਅਵਾਜ਼ ਰਹਿਤ ਰਿਕਾਰਡਿੰਗ ਸਟੂਡੀਓ ਵੀ ਬਣਾਇਆ ਗਿਆ ਹੈ। ਉਨ੍ਹਾਂ ਪਹਿਲੀ ਤੋਂ 12 ਨਵੰਬਰ ਤੱਕ ਹੋਣ ਵਾਲੇ ਅਵਾਜ਼ ਅਤੇ ਰੌਸ਼ਨੀ ਪ੍ਰੋਗਰਾਮ ਦੇ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ। ਇਸ ਮੌਕੇ ਪਟਿਆਲਾ ਫਾਊਂਡੇਸ਼ਨ ਦੇ ਚੇਅਰਮੈਨ ਰਵੀ ਆਹਲੂਵਾਲੀਆ, ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ ਸਰਤਾਜ ਸਿੰਘ, ਪ੍ਰਿੰਸੀਪਲ ਨਵਚੇਤਨ ਸਿੰਘ ਅਤੇ ਹੋਰ ਹਾਜ਼ਰ ਸਨ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823
Sandeep Jony Bagga

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


L.A. MERCHANDISE
Whole Sale +Retail
ਯੁਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables
ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ 'ਤੇ ਉਪਲਬਧ ਹਨ
New folding bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ
ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Baksho Kaur Bisla Hardev Singh Bisla
530-671-0439, Fax 530-822-0439 Cell- 530-844-3250


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਸਾਧ ਸੰਗਤ ਸਲੇਟ ਯੂਬਾ ਸਟਰ (ਕੈਲੇਫੋਰਨੀਆ)

**ਸਿੱਖ ਟੈਂਪਲ (ਗੁਰਦੁਆਰਾ ਸਾਹਿਬ) ਟਾਇਰਾ ਬਿਊਨਾ,ਯੂਬਾ ਸਿਟੀ (ਕੈਲੇਫੋਰਨੀਆ) ਦੇ ਮੌਜੂਦਾ ਬੋਰਡ ਆਫ ਡਾਇਰੈਕਟਰ ਅਤੇ ਸੰਗਤ ਵੱਲੋਂ ਬਹੁਤ ਹੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਜੁੱਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਤੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ, ਜੋ 3 ਨਵੰਬਰ 2019 ਨੂੰ ਹੋਣ ਜਾ ਰਿਹਾ ਹੈ। ਸਮੂਹ ਗੁਰੂ ਪਿਆਰੀ ਸਾਧ ਸੰਗਤ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਓ ਜੀ।**

ਇਸ ਸ਼ੁਭ ਦਿਹਾੜੇ ’ਤੇ ਹਰ ਸਾਲ ਦੀ ਤਰ੍ਹਾਂ ਨਗਰ ਕੀਰਤਨ ਦੀ ਖੁਸ਼ੀ ਵਿਚ 1 ਨਵੰਬਰ ਦਿਨ ਸ਼ੁੱਕਰਵਾਰ ਨੂੰ ਰਾਤੀ 8 ਵਜੇ ਆਤਿਸ਼ਬਾਜੀ ਕੀਤੀ ਜਾਵੇਗੀ। 2 ਨਵੰਬਰ 2019 ਦਿਨ ਸ਼ਨਿਚਰਵਾਰ ਸਵੇਰੇ 5.30 ਵਜੇ ਅੰਮ੍ਰਿਤ ਸੰਚਾਰ ਆਰੰਭ ਹੋਵੇਗਾ।

ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 2 ਨਵੰਬਰ ਦਿਨ ਸ਼ਨਿਚਰਵਾਰ ਨੂੰ ਸਵੇਰੇ 9 ਵਜੇ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ। ਇਸ ਉਪਰੰਤ 2 ਨਵੰਬਰ ਦਿਨ ਸ਼ਨਿਚਰਵਾਰ ਨੂੰ ਦਸਮੇਸ਼ ਹਾਲ ਵਿਚ ਬਾਅਦ ਦੁਪਹਿਰ ਲੈਕਚਰ ਸੈਸ਼ਨ ਸੈਮੀਨਾਰ ਹੋਵੇਗਾ।

ਇਸ ਮੌਕੇ ਇਸ ਮੌਕੇ ਨਾਮਵਰ ਸਿੱਖ ਬੁੱਧੀਜੀਵੀ ਅਤੇ ਸਿਆਸੀ ਅਤੇ ਸਮਾਜਿਕ ਆਗੂ ਆਪਣੇ ਵਡਮੁੱਲੇ ਵਿਚਾਰ ਰੱਖਣਗੇ।


















Gurnam Singh Pamma, Balbir Singh Sohal, Gurmej Singh Gill, Dalbir Singh Gill, ,Sukhvinder Singh, Kultar Singh, Harbhajan S Dheri, Mohinder S Nijjar, Harnarinderpal Singh Pannu, Balwinder S Samra, Harmandeep S Sandhu, Rashpal Singh Dosanj, Charnjit Singh Chohan, Jathadar Rajinder S Nangalkhunga, Baljit S Dhillon, Balraj S Dhillon, Mandip S Dhillon, Manjit S Dhillon, Mukhtiar S Grewal, Sarwan S Dhillon, Palwinder Mahi, Jaswinder Singh Kang, Gurmit S Gill, Varinder S Badial, Nirmal S Janda, Kuldip Singh Aujla, Kuldip S Kaloty, Avtar S Butter, Dilbag S Deol, Nar S Heer, Master Jagir Singh, Makhan S Kooner, Jagjit S Chotala, Tej Mann, Joga johal, inderjit Singh, gurmeet singh, Surinder Singh, Palwinder Mahi, Gurnaik Singh. Charnjit Singh Chohan ,Mohinder Singh Nijjar And children from guru Ram Das Khalsa School








ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਆ
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।।

ਜੁੱਗੋ ਜੁੱਗ ਅਟਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ, ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ, ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਖੁਸ਼ੀ ਵਿਚ ਕੁੱਲ ਲੋਕਾਈ ਨੂੰ **ਲੱਖ-ਲੱਖ ਵਧਾਈਆਂ**





# ਸ. ਗੁਰਮੇਜ ਸਿੰਘ ਗਿੱਲ
# ਅਤੇ
# ਸਮੂਹ ਗਿੱਲ ਪਰਿਵਾਰ
# ਯੂਬਾ ਸਿਟੀ



ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਆ
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।।





ਜੁੱਗੋ ਜੁੱਗ ਅਟਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ, ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ, ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਖੁਸ਼ੀ ਵਿਚ ਕੁੱਲ ਲੋਕਾਈ ਨੂੰ **ਲੱਖ-ਲੱਖ ਵਧਾਈਆਂ**

# Former Yuba City Councilman Tej Maan Announces Campaign for Open Sutter County District 4 Supervisor Seat

YUBA CITY, CA - Former Yuba City Councilman Tej Maan today announced that he is a candidate for the Sutter County Board of Supervisors District 4 seat. The seat will become open when incumbent Supervisor Jim Whiteaker retires at the end of his current term. "I'm proud to announce my campaign to be the next Sutter County 4th District Supervisor," stated Maan. "I have had the honor and privilege of serving the residents of Sutter County in local elective office for two four year terms on the Yuba City Council and working together we have made important progress for Sutter County. In my time in local government, we promoted transparency, accountability and built trust - I'm looking forward to building upon that trust and support again in my race for Supervisor and am prepared to dedicate myself full-time to the job."

With extensive leadership experience and service in the local region, in addition to two terms on the Yuba City Council, Maan has also served as: President of the Yuba-Sutter Fair Board, Ambassador to the Yuba-Sutter Chamber of Commerce, Chairman of the American Red Cross Board, Member of the Yuba-Sutter General Plan Advisory Committee, a Yuba-Sutter Lead Graduate and he has held leadership roles in many other community service organizations. Currently, Maan serves as Vice-President of the Yuba City Kiwanis as well as a member of the Yuba-Sutter Chamber Board of Directors and remains active in several volunteer organizations.

While serving on the Yuba City Council Maan stressed that some of his main accomplishments were: bringing leadership focus to repairing long-neglected levees to ensure the safety of our communities. Prioritizing public safety to ensure law enforcement had the tools needed to push back against gang activity and keep our neighborhoods safe. Promoting economic growth by attracting business and jobs through smart zoning planning and promoting a pro-business leadership climate.

A long-term resident and community leader, Maan and his wife make their home in Yuba City where he continues the family legacy of farming and community service. The primary race for Sutter County Supervisor District 4 is scheduled for March 3, 2020 - candidate filing will begin on November 11, 2019 and close December 6, 2019.

For additional information about Tej Maan and his campaign for Sutter County District 4 Supervisor visit: www.TejMaan.com or call Tej directly at: (530) 300-7800.



**ਸ੍ਰੀ ਤੇਜ ਮਾਨ**
**ਅਤੇ**
**ਸਮੂਹ ਪਰਿਵਾਰ**

**Tej Maan**
**For Supervisor**



ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਆ
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।।

ਜੁੱਗੋ ਜੁੱਗ ਅਟਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ, ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ, ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਖੁਸ਼ੀ ਵਿਚ ਕੁੱਲ ਲੋਕਾਈ ਨੂੰ **ਲੱਖ-ਲੱਖ ਵਧਾਈਆਂ**





# ਸ. ਕਸ਼ਮੀਰ ਸਿੰਘ ਚੀਮਾ ਸਪੁੱਤਰ ਸ. ਸੋਹਣ ਸਿੰਘ ਚੀਮਾ ਅਤੇ ਸਮੂਹ ਪਰਿਵਾਰ

# ਸਤਿਗੁਰੂ ਨਾਮਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਬੇਗਮਪੁਰਾ ਮਿਸ਼ਨ ਵੈਬਸਾਈਟ ਲਾਂਚ

ਜਲੰਧਰ- ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾਂ ਪੰਜਾਬ ਰਜਿ. ਬਿਨਪਾਲਕੇ ਵਲੋਂ ਆਦਿ ਵਾਸੀ ਰਹਿਬਰਾਂ ਦੀ ਬਾਣੀ (ਵਿਆਖਿਆ ਸਹਿਤ), ਵਿਚਾਰਧਾਰਾ ਤੇ ਜੀਵਨ-ਇਤਿਹਾਸ ਨੂੰ ਦਰਸਾਉਂਦੀ ਪੰਜਾਬੀ ਭਾਸ਼ਾ ਦੀ ਵੈਬਸਾਈਟ begumpuramission.com. ਡਾ. ਅੰਬੇਡਕਰ ਭਵਨ ਜਲੰਧਰ ਵਿਖੇ ਲਾਂਚ ਕੀਤੀ ਗਈ। ਇਸ ਮੌਕੇ ਸਤਿਗੁਰੂ ਨਾਮਦੇਵ ਜੀ ਦੀ ਬਾਣੀ ਦਾ ਹਿੰਦੀ ਭਾਸ਼ਾ ਵਿਚ ਗੁਟਕਾ ਸਾਹਿਬ ਵੀ ਸੰਗਤਾਂ ਨੂੰ ਅਰਪਣ ਕੀਤਾ ਗਿਆ।ਇਹ ਸਮਾਰੋਹ ਸੰਸਥਾਂ ਦੇ ਪ੍ਰਧਾਨ ਮਾਸਟਰ ਰਾਮ ਧਨ ਨਾਂਗਲੂ ਜੀ ਪ੍ਰਧਾਨਗੀ ਹੇਠ ਹੋਇਆ। ਵੈਬਸਾਈਟ ਨੂੰ ਬੇਗਮਪੁਰਾ ਮਿਸ਼ਨ ਦੇ ਪ੍ਰਸਿੱਧ ਸਕਾਲਰ ਅਤੇ ਆਦਿ ਧਰਮ ਦੇ ਅਨਮੋਲ ਰਤਨ ਐਡਵੋਕੇਟ ਪ੍ਰੋਫੈਸਰ ਲਾਲ ਸਿੰਘ ਜੀ ਨੇ ਆਪਣੇ ਕਰ-ਕਮਲਾਂ ਨਾਲ ਆਰੰਭ ਕੀਤਾ। ਸੰਸਥਾ ਦੇ ਮੀਤ ਪ੍ਰਧਾਨ ਅਸ਼ਵਨੀ ਹੀਰ ਸਈਪੁਰ ਨੇ ਵੈਬਸਾਈਟ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਵੈਬਸਾਈਟ ਵਿਚ ਆਦਿ-ਵਾਸੀ ਬ੍ਰਹਮ ਗਿਆਨੀ ਚਿੰਤਕ ਸਤਿਗੁਰੂ ਸਾਹਿਬਾਨਾਂ ਭਗਵਾਨ ਮਹਾਂਰਿਸ਼ੀ ਵਾਲਮੀਕ, ਸਤਿਗੁਰੂ ਨਾਮਦੇਵ, ਸਤਿਗੁਰੂ ਰਵਿਦਾਸ, ਸਤਿਗੁਰੂ ਕਬੀਰ, ਸਤਿਗੁਰੂ ਸਧਨਾ, ਸਤਿਗੁਰੂ ਸੈਨ ਜੀ ਦੀ ਬਾਣੀ, ਵਿਚਾਰਧਾਰਾ ਤੇ ਇਨ੍ਹਾਂ ਦੇ ਇਤਿਹਾਸਕ ਅਸਥਾਨਾਂ ਦੇ ਵੇਰਵੇ ਤੇ ਤਸਵੀਰਾਂ ਅਤੇ ਵਿਸ਼ਵ ਗਿਆਤਾ ਡਾ. ਅੰਬੇਡਕਰ ਜੀ ਦੀ ਫਿਲਾਸਫੀ ਦਾ ਪ੍ਰਚਾਰ ਹੋਵੇਗ। ਬਾਬੂ ਮੰਗੂ ਰਾਮ ਮੁਘੋਵਾਲ, ਬਾਬੂ ਕਾਂਸ਼ੀ ਰਾਮ ਅਤੇ ਆਦਿ ਸਮਾਜ ਦੇ ਹੋਰ ਮਹਾਨ ਰਹਿਬਰਾਂ ਦਾ ਜੀਵਨ ਇਤਿਹਾਸ ਤੇ ਮਨੁੱਖਤਾ ਦੇ ਭਲੇ ਹਿਤ ਕੀਤੇ ਕਾਰਜ਼ਾ ਸਬੰਧੀ ਖੋਜ ਭਰਪੂਰ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। ਇਸ ਤੋਂ ਇਲਾਵਾ ਇਸ ਵਿਚ ਹੋਰ ਵੀ ਬਹੁਤ ਸਾਰੀਆਂ ਜ਼ਰੂਰੀ ਅਤੇ ਗਿਆਨ ਭਰਪੂਰ ਜਾਣਕਾਰੀਆਂ ਉਪਲੱਬਧ ਹੋਣਗੀਆਂ ਜਿਵੇਂ ਵੈਬਸਾਈਟ ਦੀ ਸਕਰੀਨ ਤੇ ਚਲੰਤ ਮਾਮਲਿਆਂ ਦੀਆਂ ਅਤਿਅੰਤ ਭਰੋਸੇਯੋਗ ਖਬਰਾਂ ਅਤੇ ਅਖਬਾਰਾਂ, ਮੈਗਜ਼ੀਨ,



ਕਿਤਾਬਾਂ, ਟ੍ਰੈਕਟ ਪੜਨ ਲਈ ਮਿਲਣਗੇ। ਸਿਖਿਆ ਅਤੇ ਰੁਜ਼ਗਾਰ ਸਬੰਧੀ ਭਰਪੂਰ ਗਿਆਨ ਮਿਲਗਾ। ਸਮੁੱਚੇ ਦੇਸ਼ ਦੇ ਆਦਿ-ਵਾਸੀਆਂ ਦਾ ਇਤਿਹਾਸ ਤੇ ਸਭਿਆਚਾਰ ਅਤੇ ਇਨ੍ਹਾਂ ਦੇ ਜਨਮ ਸੰਸਕਾਰ, ਆਨੰਦ ਸੰਸਕਾਰ, ਅਤੇ ਮਰਨ ਸੰਸਕਾਰਾਂ ਵਾਰੇ ਵਿਸਥਾਰ ਪੂਰਵਕ ਚਾਨਣਾ ਪਾਉਣ ਦਾ ਉਦੇਸ਼ ਹੈ। ਸਲਾਨਾ ਕੈਲੰਡਰ ਜਿਸ ਵਿਚ ਆਦਿ ਵਾਸੀ ਰਹਿਬਰਾਂ ਦੇ ਪਾਵਨ ਦਿਹਾੜੇ, ਆਦਿ ਵਾਸੀ ਡੇਰਿਆਂ ਦੇ ਸਮਾਗਮ, ਸੰਗਰਾਂਦਾਂ, ਮੱਸਿਆ ਪੁਨਿਆ ਆਦਿ। ਦੁਨੀਆਂ ਵਿਚ ਆਦਿ-ਵਾਸੀਆਂ ਦੇ ਮਿਸ਼ਨ ਲਈ ਕੰਮ ਕਰਦੀਆਂ ਸੰਸਥਾਵਾਂ ਤੇ ਉਨ੍ਹਾਂ ਦੇ ਕਾਰਜ਼ਾਂ ਦਾ ਵੇਰਵਾ।ਦੁਨੀਆਂ ਵਿਚ ਆਦਿ-ਵਾਸੀਆਂ ਦੇ ਗੁਰਦੁਆਰੇ, ਮੰਦਿਰ, ਮੱਠ ਆਦਿ। ਆਦਿ-ਵਾਸੀਆਂ ਦੇ ਮਿਸ਼ਨ ਦੇ ਰਾਗੀ ਜਥੇ, ਕਵੀਸ਼ਰ, ਕਥਾ ਵਾਚਕ, ਢਾਡੀ, ਗਾਇਕ ਅਤੇ ਹੋਰ ਪ੍ਰਚਾਰਕਾਂ ਦੇ ਸੰਪੂਰਨ ਵੇਰਵੇ।ਮਿਸ਼ਨ ਪ੍ਰਚਾਰ ਸਮੱਗਰੀ ਜਿਵੇਂ ਝੰਡੇ, ਸਿਰੋਪਾਓ, ਪਟਕੇ, ਸਟਿਕਰ, ਸ਼ਗਨ ਲਿਫਾਫੇ ਆਦਿ। ਬੇਗਮਪੁਰਾ ਮਿਸ਼ਨ ਹੈਲਪ-ਲਾਈਨ ਦੁਆਰਾ ਸੰਗਤਾਂ ਦੇ ਨਿਜੀ ਲਾਭ ਹਿਤ ਕੁਝ ਵਿਸ਼ੇਸ਼ ਜਾਣਕਾਰੀ ਦੇਣ ਦੀਆਂ ਸਹੂਲਤਾਂ। ਸੰਸਥਾਂ ਜਲਦ ਹੀ ਇਸ ਵੈਬੱਸਾਈਟ ਨੂੰ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਪੜਨ ਯੋਗ ਕਰੇਗੀ। ਕੋਈ ਵੀ ਸਾਥੀ ਇਸ ਵੈਬਸਾਈਟ ਦਾ ਰਜ਼ਿਸਟਰਡ ਯੂਜ਼ਰ ਬਣ ਕੇ ਇਨ੍ਹਾਂ ਰਹਿਬਰਾਂ ਦੀ ਵਿਚਾਰਧਾਰਾ ਤੇ ਇਤਿਹਾਸ ਦਾ ਲਿਟਰੇਚਰ ਆਪਣੇ ਨਾਂਅ ਹੇਠ ਪਾ ਸਕਦਾ ਹੈ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਇਸ ਵੈਬਸਾਈਟ ਦੇ ਪ੍ਰਚਾਰ ਪ੍ਰਸਾਰ ਲਈ ਆਪਣਾ ਯੋਗਦਾਨ ਪਉਣ ਦਾ ਭਰੋਸਾ ਦਿੱਤਾ। ਮੰਚ ਦਾ ਸੰਚਾਲਨ ਉਪ੍ਰਧਾਨ ਮੋਹਣ ਲਾਲ ਸਤਿਕਾਰ ਅਤੇ ਪ੍ਰਚਾਰ ਸਭਾ" ਦੇ ਮੁੱਖ ਸੇਵਾਦਾਰ ਰਾਮ ਸਿੰਘ ਦਕੋਹਾ ਨੇ ਕੀਤਾ। ਇਸ ਮੌਕੇ ਪਵਨ ਕੁਮਾਰ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸੇਵਕ ਸੰਘ ਹੁਸ਼ਿਆਰਪੁਰ, ਰਵਿਦਾਸੀਆ ਫੇਸ ਬੁੱਕ ਕਮਿਊਨਟੀ ਇਨ ਦੀ ਵਰਲਡ ਦੇ ਮੀਡੀਆ ਜਨਰਲ ਸਕੱਤਰ ਦਿਲਬਾਗ ਸੱਲਣ, ਪ੍ਰਧਾਨ ਮੋਹਣ ਲਾਲ ਸਤਿਕਾਰ ਅਤੇ ਪ੍ਰਚਾਰ ਸਭਾ ਦਕੋਹਾ, ਰਾਜ ਕੁਮਾਰ ਪ੍ਰਧਾਨ ਗੁਰੂ ਰਵਿਦਾਸ ਟੈਕਨੀਕਲ ਇੰਸਟੀਚਿਊਟ ਆਦਮਪੁਰ, ਹਰਦੀਪ ਸਿੰਘ ਪੰਡੋਰੀ, ਲੇਖਕ ਜੋਗਿੰਦਰ ਬੇਗਮ ਮੰਡ, ਕਮਲਜੀਤ ਮੀਤ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾਂ ਰਜ਼ਿ., ਚਰਨਜੀਤ ਸਿੰਘ ਜਨਰਲ ਸਕੱਤਰ, ਹਰਜਿੰਦਰ ਪਾਲ ਵੱਸਣ ਖਜਾਨਚੀ, ਐਡਵੋਕੇਟ ਮਿਸ ਸੋਨਮ ਆਦਮਪੁਰ, ਲੇਖਕ ਅਤੇ ਗਾਇਕ ਪ੍ਰਸ਼ੋਤਮ ਸਰੋਆ, ਅਮਰਿੰਦਰ ਸਿੰਘ ਦਕੋਹਾ, ਸੁਨੀਲ ਤਾਜਪੁਰ, ਕਮਲ ਸਾਂਪਲਾ, ਸੁਰਜੀਤ ਬਸਰਾ, ਵਿਕੀ ਮਾਣਕਰਾਏ, ਅਜੇ ਕੁਮਾਰ ਗੇਹਲੜਾਂ ਅਤੇ ਹੋਰ ਸੰਗਤਾਂ ਨੇ ਹਾਜ਼ਰੀ ਭਰੀ।

**– ਚਰਨਜੀਤ ਸਿੰਘ ਬਿਨਪਾਲਕੇ**

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਉਤਸਵ ਦੇ ਸੰਬੰਧ ਵਿਚ ਸੈਮੀਨਾਰ

**ਜਲੰਧਰ–** ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੋਸਾਇਟੀ ਦੀ ਪ੍ਰਧਾਨ ਮੈਡਮ ਸੁਦੇਸ਼ ਕਲਿਆਣ ਦੀ ਪ੍ਰਧਾਨਗੀ ਹੇਠ 27 ਅਕਤੂਬਰ ਨੂੰ ਅੰਬੇਡਕਰ ਭਵਨ ਜਲੰਧਰ ਵਿਖੇ ਹੋਈ। ਮੀਟਿੰਗ ਵਿਚ 14 ਅਕਤੂਬਰ 2019 ਨੂੰ ਮਨਾਏ ਗਏ ਧੰਮ-ਚੱਕਰ ਪਰਿਵਰਤਨ ਦਿਵਸ ਦੀ ਸਮੀਖਿਆ ਕੀਤੀ ਗਈ। ਦੇਸ਼ ਵਿਚ ਚੱਲ ਰਹੇ ਮੌਜੂਦਾ ਹਾਲਾਤਾਂ ਤੇ ਚਰਚਾ ਵੀ ਕੀਤੀ ਗਈ। ਸੋਸਾਇਟੀ ਨੇ ਵਿਚਾਰ-ਘੋਸ਼ਟੀਆਂ ਦੀ ਲੜ੍ਹੀ ਵਿਚ




ਖੱਬੇ ਤੋਂ ਸੱਜੇ ਫੋਟੋ ਵਿਚ ਖੜੇ ਸੁਸਾਇਟੀ ਦੇ ਵਰਕਰ- ਰਣਵੀਰ ਭੱਟੀ, ਐਡਵੋਕੇਟ ਕੁਲਦੀਪ ਭੱਟੀ, ਬਲਦੇਵ ਰਾਜ ਭਾਰਦਵਾਜ, ਵਰਿੰਦਰ ਕੁਮਾਰ, ਮੈਡਮ ਸੁਦੇਸ਼ ਕਲਿਆਣ, ਲਾਹੌਰੀ ਰਾਮ ਬਾਲੀ ਅਤੇ ਸੋਹਣ ਲਾਲ ਡੀਪੀਆਈ ਕਾਲਜ (ਰਿਟਾਇਰਡ)।

ਅਗਲਾ ਸੈਮੀਨਾਰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਉਤਸਵ ਦੇ ਸੰਬੰਧ ਵਿਚ ਨਵੰਬਰ ਦੇ ਮਹੀਨੇ ਵਿਚ ਕਰਨ ਦਾ ਫੈਸਲਾ ਕੀਤਾ ਹੈ। ਇਸ ਮੌਕੇ ਬਲਦੇਵ ਰਾਜ ਭਾਰਦਵਾਜ, ਸੋਹਣ ਲਾਲ ਡੀ ਪੀ ਆਈ ਕਾਲਿਜਾਂ (ਸੇਵਾਮੁਕਤ), ਲਾਹੌਰੀ ਰਾਮ ਬਾਲੀ, ਵਰਿੰਦਰ ਕੁਮਾਰ, ਐਡਵੋਕੇਟ ਕੁਲਦੀਪ ਭੱਟੀ, ਤਿਲਕ ਰਾਜ, ਜਸਵਿੰਦਰ ਵਰਿਆਣਾ, ਐਡਵੋਕੇਟ ਪਰਮਿੰਦਰ ਸਿੰਘ ਅਤੇ ਰਣਵੀਰ ਭੱਟੀ ਹਾਜਰ ਸਨ।


**– ਵਰਿੰਦਰ ਕੁਮਾਰ (ਜਨਰਲ ਸਕੱਤਰ)**

ਬੜੇ ਹੀ ਦੁੱਖੀ ਹਿਰਦੇ ਨਾਲ ਦੱਸ ਰਿਹਾ ਕਿ ਭਾਈ ਭਗਵਾਨ ਸਿੰਘ ਗਿਆਨੀ ਜੋ ਗ਼ਦਰ ਲਹਿਰ ਦੇ ਮੋਢੀ ਸਨ। ਉਨ੍ਹਾਂ ਦੇ ਦੋਹਤੇ ਐਸ ਪੀ ਸਿੰਘ (ਸੁਰਿੰਦਰ ਪਾਲ ਸਿੰਘ) ਅਕਤੂਬਰ 26-2019 ਦਿਨ ਸਨਿਚਰਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਪਿਛਲੇ ਕੁਝ ਮਹੀਨਿਆਂ ਤੋਂ ਬੀਮਾਰ ਚਲੇ ਆ ਰਹੇ ਸਨ। ਮੌਤ ਦੇ ਸੱਚ ਨੇ ਸਾਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਾਇਆ ਹੈ।

ਗ਼ਦਰ ਲਹਿਰ ਦੀ ਜਾਣਕਾਰੀ ਲਈ ਸੈਮੀਨਾਰ ਹੋਣ ਜਾਂ ਮੇਲੇ ਉਹ ਹਮੇਸ਼ਾਂ ਸਹਿਯੋਗੀ ਰਹਿੰਦੇ ਸਨ। ਗ਼ਦਰ ਲਹਿਰ ਦੇ ਇਤਿਹਾਸ ਨਾਲ ਸਬੰਧਤ ਖ਼ਾਸਕਰ ਭਾਈ ਭਗਵਾਨ ਸਿੰਘ ਗਿਆਨੀ ਦੀ ਲਿਖਤਾਂ ਨੂੰ ਕਿਤਾਬਾਂ ਦੇ ਰੂਪ ਦੇਣ ਲਈ ਉਨ੍ਹਾਂ ਵਲੋਂ ਕੀਤੇ ਯਤਨ ਬੜੇ ਹੀ ਸ਼ਲਾਘਾ ਯੋਗ ਕਦਮ ਸਨ। ਉਹਨਾਂ ਦੇ ਪਰਿਵਾਰ ਨਾਲ ਦੁੱਖ 'ਚ ਦੁੱਖ ਮਹਿਸੂਸਦੇ ਹੋਏ ਸ਼ਰਧਾਂਜਲੀ ਪੇਸ਼ ਕਰਦੇ ਹਾਂ।

**ਵੱਲੋਂ:-**

**ਇੰਡੋ -ਅਮੈਰੀਕਨ ਹੈਰੀਟੇਜ ਫ਼ਊਂਡੇਸ਼ਨ ਨਿਊਯਾਰਕ**



SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services


2680 N TRACY BLVD, SUITE 4, TRACY, CA 95376

## ਐਸ. ਪੀ. ਸਿੰਘ (ਸੁਰਿੰਦਰਪਾਲ ਸਿੰਘ) ਜੀ ਨੂੰ ਸ਼ਰਧਾਂਜਲੀ

# ਜ਼ਿੰਮੇਵਾਰ ਸ਼ਖਸੀਅਤ, ਸਮਾਜੀ ਚਿੰਕ, ਲੋਕ ਪੱਖੀ, ਸਮਾਜੀ ਬਰਾਬਰੀ ਦੇ ਝੰਡਾ ਬਰਦਾਰ ਸਨ ਸੁਰਿੰਦਰਪਾਲ ਸਿੰਘ (ਐਸ. ਪੀ. ਸਿੰਘ)

ਗਦਰੀ ਬਾਬਾ ਭਾਈ ਭਗਵਾਨ ਸਿੰਘ ਗਿਆਨੀ ਜੋ ਹਿੰਦੁਸਤਾਨ ਦੀ ਆਜ਼ਾਦੀ ਦੀ ਜੰਗ, ਜੋ ਅੰਗਰੇਜ਼ਾਂ ਦੇ ਵਿਰੁੱਧ 'ਗਦਰ ਲਹਿਰ' ਨੇ ਚਲਾਈ ਸੀ, ਉਸ ਦੇ ਪ੍ਰਧਾਨ ਸਨ ਜਾਂ ਮੋਢੀਆਂ ਵਿਚੋਂ ਇਕ ਸਨ, ਜਿਹਨਾਂ ਨੇ ਬਹੁਤ ਅਗਾਂਹਵਧੂ ਲਿਖਤਾਂ ਲਿਖੀਆਂ ਤੇ ਕਵਿਤਾ ਦੇ ਰੂਪ ਵਿਚ ਤੇ ਹੁਣ ਕਿਤਾਬਾਂ ਦੇ ਵਿਚ ਹਾਜ਼ਰ ਹਨ।

ਐਸ. ਪੀ. ਸਿੰਘ ਭਾਈ ਜੀ ਦੇ ਦੋਹਤੇ ਸਨ। ਉਹਨਾਂ ਦੇ ਦੱਸਣ ਮੁਤਾਬਕ ਭਾਈ ਭਗਵਾਨ ਸਿੰਘ ਜੀ ਗਿਆਨੀ ਨੇ ਜੋ ਜ਼ਿੰਮੇਵਾਰੀਆਂ ਦਿੱਤੀਆਂ ਸਨ, ਨਿਭਾਅ ਸਕਣ ਆਦਿ ਦੇ ਯਤਨ ਕੀਤੇ। ਗਿਆਨੀ ਜੀ ਦਾ ਅਣਛਪਿਆ ਸਾਹਿਤ ਛੁਪਾਉਣ ਦਾ ਕੰਮ ਐਸ. ਪੀ. ਸਿੰਘ ਜੀ ਨੇ ਬਾਖੂਬੀ ਨਿਭਾਇਆ। ਸੂਰਜ ਛੁਪ ਰਿਹਾ ਸੀ, ਮੂੰਹ ਹਨੇਰਾ ਸੀ, ਇਕ ਅਣਜਾਣੀ ਆਵਾਜ਼ ਐਸ. ਪੀ. ਸਿੰਘ ਜੀ ਤੋਂ ਸੁਣੀ। ਮੇਰੀ ਤਾਂ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਹ ਹੀ ਹੋਇਆ ਜਦੋਂ ਪਤਾ ਲੱਗਿਆ ਕਿ ਭਾਈ ਐਸ. ਪੀ. ਸਿੰਘ ਨਹੀਂ ਰਹੇ। ਮੇਰੇ ਨਾਲ ਉਹਨਾਂ ਦਾ ਦਿਲੀ ਪਿਆਰ ਸੀ ਕਿਉਂਕਿ ਉਹ ਹਰ ਇਕ ਜੋ ਸਮਾਜ ਦੀ ਚਿੰਤਾ ਕਰਦਾ ਹੈ, ਲਈ ਆਪਣਾ ਨਿੱਘ ਦਿਖਾਉਂਦੇ ਸਨ। ਪਿਛਲੇ ਦਿਨੀਂ ਮੈਂ ਤੇ ਮੇਰੀ ਜੀਵਨ ਸਾਥਣ ਦੋਵੇਂ ਉਹਨਾਂ ਨੂੰ ਮਿਲਣ ਗਏ ਸਨ। ਹਾਲਤ ਭਾਵੇਂ ਠੀਕ ਨਹੀਂ ਸੀ ਪਰ ਐਨੀ ਛੇਤੀ ਸਦੀਵੀ ਵਿਛੋੜੇ ਦਾ ਦੁੱਖ ਲੱਗਿਆ। ਇੰਡੋ-ਅਮੈਰਿਕਨ ਹੈਰੀਟੇਜ਼ ਫਾਊਂਡੇਸ਼ਨ ਨਿਊਯਾਰਕ ਜੋ ਹਮੇਸ਼ਾ ਹੀ ਗਦਰੀ ਬਾਬਿਆਂ ਦੀ ਸੋਚ ਨੂੰ ਅੱਗੇ ਲਿਜਾਣ ਲਈ ਆਪਣੇ ਵਿਰਸੇ ਤੇ ਆਉਣ ਵਾਲੀ ਪੀੜ੍ਹੀ ਤੱਕ ਦੱਸਣ ਲਈ ਯਤਨਸ਼ੀਲ ਹੈ, ਲਈ ਹਮੇਸ਼ਾ ਹੀ ਐਸ. ਪੀ. ਸਿੰਘ (ਸੁਰਿੰਦਰਪਾਲ ਸਿੰਘ) ਦਾ ਸਾਥ ਰਿਹਾ ਤੇ ਉਹ ਨਿਊਯਾਰਕ ਵੀ ਸੈਮੀਨਾਰ ਵਿਚ ਹਾਜ਼ਰੀ ਭਰਨ ਆਏ। ਉਹ ਹਮੇਸ਼ਾ ਹੀ ਯਾਦਾਂ ਦਾ ਹਿੱਸਾ ਸਨ ਤੇ ਰਹਿਣਗੇ। ਅਸੀਂ ਐਸ. ਪੀ. ਸਿੰਘ (ਸੁਰਿੰਦਰਪਾਲ ਸਿੰਘ) ਨੂੰ ਆਪਣੀ ਸੰਸਥਾ 'ਇੰਡੋ ਅਮੈਰਿਕਨ ਹੈਰੀਟੇਜ਼ ਫਾਊਂਡੇਸ਼ਨ' ਵੱਲੋਂ ਸ਼ਰਧਾਂਜਲੀ ਪੇਸ਼ ਕਰਦੇ ਹਾਂ।





ਅਦਾਰਾ 'ਦੇਸ਼ ਦੁਆਬਾ' ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਉਹਨਾਂ ਦੀ ਆਤਮਕ ਸ਼ਾਂਤੀ ਦੀ ਅਰਦਾਸ ਕਰਦਾ ਹੈ।

# ਕ੍ਰਦੂਜ਼ ਗੁਰਘਰ ਵਿਖੇ ਦਿਵਾਲੀ ਧੂਮਧਾਮ ਨਾਲ ਮਨਾਈ ਗਈ







**ਕ੍ਰਦੂਜ਼ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਬਦੀ ਤੇ ਨੇਕੀ ਦੀ ਜਿੱਤ ਦਾ ਪ੍ਰਤੀਕ, ਲਾਈਟਾਂ ਦਾ ਤਿਓਹਾਰ ਦਿਵਾਲੀ ਦੁਨੀਆਂ ਭਰ ਵਿੱਚ ਧੂਮਧਾਮ ਨਾਲ ਮਨਾਇਆ ਗਿਆ।ਇਸੇ ਕੜੀ ਤਹਿਤ ਫਰਿਜ਼ਨੋ ਦੇ ਲਾਗਲੇ ਸ਼ਹਿਰ ਕ੍ਰਦੂਜ਼ ਦੇ ਗੁਰੂ ਘਰ ਵਿਖੇ ਦਿਵਾਲੀ ਮੌਕੇ ਵਿਸ਼ੇਸ਼ ਦੀਵਾਨ ਸਜਾਏ ਗਏ।

ਇਸ ਮੌਕੇ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਸਤਨਾਮ ਸਿੰਘ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਰਾਜ ਬਰਾੜ ਨੇ ਇੱਕ ਧਾਰਮਿਕ ਗੀਤ ਨਾਲ ਹਾਜ਼ਰੀ ਲਵਾਈ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸੰਗਤਾਂ ਨੇ ਨਿਸ਼ਾਨ ਸਹਿਬ ਲਾਗੇ ਦੀਵੇ ਜਗਾਕੇ ਦੀਵਾਲੀ ਮਨਾਈ। ਉਪਰੰਤ ਫਾਇਰਵਰਕਸ (ਪਟਾਕਿਆ) ਦੇ ਦਿਲਕਸ਼ ਨਜ਼ਾਰਿਆਂ ਦਾ ਸੰਗਤ ਨੇ ਅਨੰਦ ਮਾਣਿਆ। ਇਸ ਮੌਕੇ ਉੱਘੇ ਫਾਰਮਰ ਚਰਨਜੀਤ ਸਿੰਘ ਬਾਠ, ਅਵਤਾਰ ਗਿੱਲ, ਡਾਕਟਰ ਅਜੀਤ ਸਿੰਘ ਖਹਿਰਾ ਅਤੇ ਰਣਜੀਤ ਗਿੱਲ ਨੇ ਸੰਗਤ ਨੂੰ ਦਿਵਾਲੀ ਅਤੇ ਬੰਦੀਛੋੜ ਦਿਵਸ ਦੀ ਵਧਾਈ ਦਿੱਤੀ।

# ਇੰਡੋ-ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਵੱਲੋਂ ਨਵੇਂ ਅਹੁਦੇਦਾਰਾਂ ਦੀ ਚੋਣ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਗਦਰੀ ਬਾਬਿਆਂ ਦੀ ਸੋਚ ਨੂੰ ਪ੍ਰਣਾਈ ਹੋਈ ਸਥਾਨਿਕ ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਦੇ ਮੈਂਬਰਾਂ ਦੀ ਇੱਕ ਅਹਿਮ ਮੀਟਿੰਗ , 4 ਅਕਤੂਬ, 2019 ਸ਼ਾਮ 5.30 ਵਜੇ, ਗੁਰੂ-ਘਰ ਪੈਸੀਫਿਕ ਕੋਸਟ ਸਿਲਮਾ ਵਿਖੇ ਹੋਈ ਸੀ । ਜਿਸ ਦੀ ਜਾਣਕਾਰੀ ਸਮੂਹ ਮੈਂਬਰਾਂ ਨੂੰ ਸਤੰਬਰ 27, 2019 ਨੂੰ ਸਰਟੀਫਾਈਡ ਡਾਕ ਪੱਤਰ ਭੇਜ ਕੇ ਦਿੱਤੀ ਗਈ ਸੀ।



ਮੀਟਿੰਗ ਵਿੱਚ ਬਹੁਗਿਣਤੀ ਮੈਂਬਰਾਂ ਦੀ ਸਹਿਮਤੀ ਨਾਲ਼, ਅਗਲੇ ਦੋ ਸਾਲਾਂ ਲਈ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਜਥੇਬੰਦੀ ਦੇ ਸੰਵਿਧਾਨ ਅਤੇ ਚੋਣ-ਪਰਕਿਰਿਆ ਅਨੁਸਾਰ, ਜਿੱਥੇ ਨਿਰਮਲ ਸਿੰਘ ਗਿੱਲ (ਧਨੌਲਾ) ਨੂੰ ਸਰਬ ਸੰਮਤੀ ਨਾਲ਼ ਪਰਧਾਨ ਚੁਣਿਆ ਗਿਆ , ਉਸ ਦੇ ਨਾਲ਼ ਹੀ ਮਨਜੀਤ ਸਿੰਘ ਕੁਲਾਰ ( ਸੰਸਾਰਪੁਰ) ਨੂੰ ਖ਼ਜ਼ਾਨਚੀ ਅਤੇ ਰਣਜੀਤ ਸਿੰਘ ਗਿੱਲ (ਸੁਧਾਰ) ਨੂੰ ਸਕੱਤਰ ਵਜੋਂ ਚਣਿਆਂ ਗਿਆ। ਉਪਰੰਤ, ਭਵਿੱਖ ਵਿੱਚ ਜਥੇਬੰਦੀ ਵੱਲੋਂ ਕਰਵਾਉਣ ਵਾਲੇ ਅਗਾਮੀ ਪ੍ਰੋਗਰਾਮਾਂ ਵਾਰੇ ਵਿਸਥਾਰ ਨਾਲ਼ ਵਿਚਾਰ ਵਟਾਂਦਰਾ ਕੀਤਾ ਗਿਆ।

ਪ੍ਰਧਾਨ ਨਿਰਮਲ ਸਿੰਘ ਗਿੱਲ ਨੇ, ਮੀਟਿੰਗ ਵਿੱਚ ਸ਼ਿਰਕਤ ਕਰਨ ਵਾਲ਼ੇ ਸਾਰੇ ਮੈਂਬਰਾਂ ਦਾ ਸ਼ੁਕਰੀਆ ਅਦਾ ਕੀਤਾ, ਅਤੇ ਸਾਰੇ ਮੈਂਬਰਾਂ ਨੂੰ, ਸਮਾਜ-ਸੇਵੀ ਕੰਮਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪੁਰ-ਜ਼ੋਰ ਅਪੀਲ ਕੀਤੀ। ਜਥੇਬੰਦੀ ਦੇ ਤਮਾਮ ਮੈਂਬਰਾਂ ਨੇ ਅਹਿਦ ਲਿਆ ਕਿ ਗਦਰੀ ਬਾਬਿਆਂ ਅਤੇ ਆਜ਼ਾਦੀ ਘੁਲ਼ਾਟੀਏ ਸਭ ਦੇਸ਼ ਭਗਤਾਂ ਦੀ ਯਾਦ ਨੂੰ ਤਾਜਾ ਰੱਖਣ ਲਈ ਅਤੇ ਉਹਨਾਂ ਦੇ ਵਿਚਾਰਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਜਥੇਬੰਦੀ ਹਮੇਸ਼ਾਂ ਯਤਨਸ਼ੀਲ ਰਹੇਗੀ ।

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit
Jagdip S. Nirwan, Esq 916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831










ਪਾਕਿਸਤਾਨ ਸਰਕਾਰ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮ-ਰਪਿਤ ਜਾਰੀ ਕੀਤਾ ਗਿਆ 50 ਰੁਪਏ ਦਾ ਸਿੱਕਾ। ਤਸਵੀਰ ਵਿਚ ਔਕਾਫ ਬੋਰਡ ਦੇ ਪ੍ਰਧਾਨ ਡਾ. ਆਮਿਰ ਸਾਹਿਬ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਨਾਲ ਲਾਹੌਰ ਸਥਿਤ ਟਕਸਾਲ ਵਿਖੇ ਸਿੱਕਾ ਜਾਰੀ ਕਰਦੇ ਹੋਏ।

**ਰਿਪੋਰਟ ਅਤੇ ਤਸਵੀਰਾਂ- ਬਾਬਰ ਜਲੰਧਰੀ, ਲਾਹੌਰ**

## ਬਲਬੀਰ ਸਿੰਘ ਐਮ.ਏ. ਵੱਡੇ ਭਰਾ ਸਵਰਗਵਾਸ



**ਫਰੀਮਾਂਟ-** ਪਰਦੇਸ ਟਾਇਮਜ ਦੇ ਮੁੱਖ ਸੰਪਾਦਕ ਸ. ਬਲਬੀਰ ਸਿੰਘ ਐਮ ਏ ਦੇ ਭਰਾ ਸ. ਹਰਬੰਸ ਸਿੰਘ ਬਰੈਂਪਟਨ, ਟਰਾਂਟੋ (ਕੈਨੇਡਾ) ਨਿਵਾਸੀ, ਬੀਤੇ ਐਤਵਾਰ ਅਕਤੂਬਰ 20, 2019 ਨੂੰ ਥੋੜ੍ਹੀ ਜਿਹੀ ਬਿਮਾਰੀ ਮਗਰੋਂ ਅਕਾਲ ਚਲਾਣਾ ਕਰ ਗਏ ਹਨ। ਉਹ ਜੋ 67 ਸਾਲਾਂ ਦੇ ਸਨ। ਉਹਨਾਂ ਦਾ ਅੰਤਿਮ ਸਸਕਾਰ ਬੁੱਧਵਾਰ, ਅਕਤੂਬਰ 23, 2019 ਨੂੰ ਟਰਾਂਟੋ ਵਿਖੇ ਕੀਤਾ ਗਿਆ। ਉਹ ਆਪਣੇ ਪਿੱਛੇ ਇਕ ਸਪੁੱਤਰ, ਦੋ ਧੀਆਂ ਤੇ ਆਪਣੀਆਂ ਪੋਤੀਆਂ ਤੇ ਦੋਹਤਰੇ ਅਤੇ ਦੋਹਤਰੀਆਂ ਛੱਡ ਗਏ ਹਨ। ਉਹਨਾਂ ਦੀਆਂ ਅੰਤਿਮ ਰਸਮਾਂ 'ਚ ਸ਼ਾਮਲ ਹੋਣ ਲਈ ਬਲਬੀਰ ਸਿੰਘ ਐਮ. ਏ. ਅਤੇ ਪਰਿਵਾਰ ਕੈਨੇਡਾ ਰਵਾਨਾ ਹੋ ਗਏ ਹਨ। ਸ. ਬਲਬੀਰ ਸਿੰਘ ਐਮ. ਏ. ਹੁਰਾਂ ਨਾਲ 510-938-7771 ਤੇ ਦੁੱਖ ਦੇ ਦੋ ਸ਼ਬਦ ਕਹਿਣ ਲਈ ਫੋਨ ਕਰ ਸਕਦੇ ਹੋ। ਅਦਾਰਾ 'ਦੇਸ਼ ਦੁਆਬਾ' ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਦਾਸ ਕਰਦਾ ਹੈ।

# ਕੈਲੀਫੋਰਨੀਆ ਦੇ ਜੰਗਲ ਵਿਚ ਲੱਗੀ ਭਿਆਨਕ ਅੱਗ ਕਾਰਨ ਗਵਰਨਰ ਨੇ ਹੰਗਾਮੀ ਸਥਿਤੀ ਦਾ ਕੀਤਾ ਐਲਾਨ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਉੱਤਰੀ ਕੈਲੀ-ਫੋਰਨੀਆ ਦੇ ਜੰਗਲ ਵਿਚ ਲੱਗੀ ਅੱਗ ਤੇਜ ਹਵਾਵਾਂ ਕਾਰਨ ਹੋਰ ਖੇਤਰ ਵਿਚ ਫੈਲ ਗਈ ਹੈ ਜਿਸ ਕਾਰਨ ਰਾਜ ਦੇ ਗਵਰਨਰ ਨੇ ਹੰਗਾਮੀ ਸਥਿੱਤੀ ਦਾ ਐਲਾਨ ਕਰ ਦਿੱਤਾ ਹੈ। ਇਸੇ ਦੌਰਾਨ ਇਹਤਿਆਤ ਵਜੋਂ ਬਿਜਲੀ ਕੱਟ ਦਿੱਤੇ ਜਾਣ ਕਾਰਨ ਲੱਖਾਂ ਲੋਕਾਂ ਨੂੰ ਬਿਜਲੀ ਬਿਨਾਂ ਰਹਿਣਾ ਪੈ ਰਿਹਾ ਹੈ। ਤਕਰੀਬਨ 2 ਲੱਖ ਲੋਕਾਂ ਨੂੰ ਆਪਣੇ ਘਰ ਛੱਡਕੇ ਸੁਰੱਖਿਅਤ ਥਾਵਾਂ ਉਪਰ ਜਾਣ ਲਈ ਕਿਹਾ ਗਿਆ ਹੈ। ਗਵਰਨਰ ਗਾਵਿਨ ਨਿਊਸੋਮ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਅੱਗ ਉਪਰ ਕਾਬੂ ਪਾਉਣ ਲਈ ਹਰ ਸੰਭਵ ਸਾਧਨ ਦੀ ਵਰਤੋਂ ਕੀਤੀ ਜਾ ਰਹੀ ਹੈ। ਅਧਿਕਾਰੀਆਂ ਅਨੁਸਾਰ ਅੱਗ 85 ਵਰਗ ਮੀਲ ਵਿਚ ਫੈਲ ਚੁੱਕੀ ਹੈ। ਹੁਣ ਤੱਕ 94 ਮਕਾਨ ਜਾਂ ਢਾਂਚੇ ਅੱਗ ਵਿਚ ਸੜ ਚੁੱਕੇ ਹਨ। ਸਾਨਫਰਾਂਸਿਸਕੋ ਬੇ ਏਰੀਆ ਵਿਚ ਲੱਗੀ ਅੱਗ ਕਾਰਨ ਅੰਤਰ ਰਾਜੀ ਪੁਲ ਉਪਰ ਕੁਝ ਸਮੇਂ ਲਈ ਆਵਾਜਾਈ ਰੁਕੀ ਰਹੀ। ਵਾਲੇਜੋ ਖੇਤਰ ਵਿਚ



ਅੱਗ ਘਰਾਂ ਦੇ ਨੇੜੇ ਪੁੱਜ ਗਈ ਹੈ ਜਿਸ ਕਾਰਨ ਭਾਰੀ ਨੁਕਸਾਨ ਹੋਣ ਦਾ ਖਦਸ਼ਾ ਬਣਿਆ ਹੋਇਆ ਹੈ। ਦੱਖਣ ਵਿਚ ਲਾਸ ਏਂਜਲਸ ਨੇੜੇ ਸਾਂਤਾ ਕਲੈਰੀਟਾ ਖੇਤਰ ਵਿਚ 18 ਮਕਾਨ ਜਾਂ ਢਾਂਚੇ ਤਬਾਹ ਹੋ ਗਏ ਹਨ। ਉਂਝ ਅਧਿਕਾਰੀਆਂ ਦਾ ਕਹਿਣਾ ਹੈ



ਕਿ 70% ਅੱਗ ਉਪਰ ਕਾਬੂ ਪਾ ਲਿਆ ਗਿਆ ਹੈ। ਉੱਤਰੀ ਕੈਲੀਫੋਰਨੀਆ ਦੀ ਸੋਨੋਮਾ ਕਾਊਂਟੀ ਸਭ ਤੋਂ ਵਧ ਪ੍ਰਭਾਵਿਤ ਹੋਈ ਹੈ ਜਿਥੇ ਤਕਰੀਬਨ 180000 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਦਾ ਆਦੇਸ਼ ਦਿੱਤਾ ਗਿਆ ਹੈ। ਕੁਝ ਲੋਕਾਂ ਨੂੰ ਅੱਧੀ ਰਾਤ ਵੇਲੇ ਘਰ ਬਾਰ ਛੱਡਣ ਲਈ ਕਿਹਾ ਗਿਆ। ਅੱਗ ਕਾਰਨ ਆਸ ਪਾਸ ਦੇ ਖੇਤਰਾਂ ਵਿਚ ਸੰਘਣਾ ਧੂੰਆਂ ਫੈਲ ਗਿਆ ਹੈ ਜਿਸ ਕਾਰਨ ਡਰਾਈਵਰਾਂ ਨੂੰ ਗੱਡੀਆਂ ਚਲਾਉਣ ਵਿਚ ਮੁਸ਼ਕਿਲ ਆ ਰਹੀ ਹੈ। ਆਮ ਲੋਕ ਵੀ ਧੂਏਂ ਤੋਂ ਪ੍ਰਭਾਵਿਤ ਹੋ ਰਹੇ ਹਨ। ਭਾਰਤੀ ਮੂਲ ਦੀ ਕਮਲਾ ਹੈਰਿਸ ਨੇ ਕਿਹਾ ਹੈ ਕਿ ਉਸਦਾ ਘਰ ਵੀ ਇਸ ਫੈਲੀ ਅੱਗ ਕਾਰਣ ਖਾਲੀ ਕਰਵਾਇਆ ਗਿਆ ਹੈ। ਦੂਸਰੇ ਪਾਸੇ ਵਾਈਟ ਹਾਊਸ ਦੇ ਬੁਲਾਰੇ ਨੇ ਕਿਹਾ ਹੈ ਕਿ ਰਾਸ਼ਟਰਪਤੀ ਟਰੰਪ ਕੈਲੀਫੋਰਨੀਆ ਵਿੱਚ ਲੱਗੀ ਅੱਗ ਦੀਆਂ ਰਿਪੋਰਟਾਂ ਨੂੰ ਧਿਆਨ ਨਾਲ ਦੇਖ ਰਹੇ ਹਨ ਤੇ ਹੋਰ ਮੱਦਦ ਦੀ ਲੋੜ ਲਈ ਗਵਰਨਰ ਕੈਲੀਫੋਰਨੀਆ ਨਾਲ ਰਾਬਤਾ ਰੱਖੇ ਹੋਏ ਹਨ।

**ਜੋ ਦਿਨ ਆਵਹਿ ਸੋ ਦਿਨ ਜਾਹੀ ॥**
**ਕਰਨਾ ਕੂਚੁ ਰਹਨੁ ਥਿਰੁ ਨਾਹੀ ॥**



ਗੁਰੂਪਿਆਰੀ ਸਾਧਸੰਗਤਿ ਜੀਓ
ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਸੁੱਚਾ ਰਾਮ ਸੱਲ੍ਹਣ Elk Grove, CA ਨਿਵਾਸੀ ਅਕਤੂਬਰ 23, 2019 ਸਵੇਰੇ ਤੜਕੇ 1:30 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।

**ਅੰਤਿਮ ਦਰਸ਼ਨ:**
ਸ਼ੁਕਰਵਾਰ, ਨਵੰਬਰ 1, 2019 ਸ਼ਾਮ 5:00 ਵਜੇ ਤੋਂ 7:00 ਵਜੇ ਤੱਕ

**ਅੰਤਿਮ ਸੰਸਕਾਰ ਰਸਮ:**
ਸ਼ਨੀਵਾਰ ਨਵੰਬਰ 2, 2019 ਸਵੇਰੇ 10:00 ਵਜੇ ਤੋਂ 1:00 ਵਜੇ ਤੱਕ
Sacramento Memorial Lawn
6100 Stockton Blvd
Sacramento,CA 95824

**ਅੰਤਿਮ ਅਰਦਾਸ:**
ਸੰਸਕਾਰ ਤੋਂ ਬਾਅਦ ਸਮੂਹ ਸੰਗਤਾਂ ਨੂੰ ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਸ੍ਰੀ ਸੁੱਚਾ ਰਾਮ ਸੱਲ੍ਹਣ ਦੀ ਅੰਤਿਮ ਅਰਦਾਸ ਅਤੇ ਸ੍ਰੀ ਸਹਿਜ ਪਾਠ ਦੇ ਭੋਗ ਵਿੱਚ ਸ਼ਾਮਲ ਹੋਣ ਦੀ ਬੇਨਤੀ ਹੈ ਜੀ।
ਸ੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ
6221 16th St
Rio Linda, CA 95673
ਗੁਰੂਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵਲੋਂ ਅਰਦਾਸ ਹੈ ਕਿ ਅਕਾਲਪੁਰਖ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।
**ਪਰਿਵਾਰ ਦਾ ਸੰਪਰਕ: ਸ਼੍ਰੀ ਸੰਜੀਵ ਸੱਲ੍ਹਣ (917) 214-1050**

# ਭਾਰਤੀ ਮੂਲ ਦੇ ਕਾਂਗਰਸ ਮੈਂਬਰ ਖੰਨਾ ਵੱਲੋਂ ਕੱਟੜ ਹਿੰਦੂਵਾਦੀ ਸੋਚ ਰੱਦ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕੀ ਕਾਂਗਰਸ ਮੈਂਬਰ ਆਰ ਓ ਖੰਨਾ ਨੇ ਕੱਟੜਵਾਦੀ ਹਿੰਦੂ ਵਿਚਾਰਧਾਰਾ ਨੂੰ ਰੱਦ ਕੀਤਾ ਹੈ। ਇਸ ਪ੍ਰਤੀ ਖੰਨਾ ਦਾ ਧੰਨਵਾਦ ਕਰਨ ਲਈ ਰਸ਼ੀਦ ਅਹਿਮਦ , ਅਜੀਤ ਸਾਹੀ ਇੰਡੀਅਨ ਅਮੈਰੀਕਨ ਮੁਸਲਿਮ ਕੌਂਸਲ ਤੇ ਹਿੰਦਸ ਹਿਊਮਨ ਰਾਈਟਸ ਦੇ ਸੁਨੀਤਾ ਵਿਸ਼ਵਾਨਾਥ 'ਤੇ ਅਧਾਰਤ ਇਕ ਵਫ਼ਦ ਨੇ ਖੰਨਾ ਨਾਲ ਉਨਾਂ ਦੇ ਵਾਸ਼ਿੰਗਟਨ , ਡੀ. ਸੀ ਸਥਿੱਤ ਦਫਤਰ ਵਿਚ ਮੁਲਾਕਾਤ ਕੀਤੀ। ਵਫ਼ਦ ਨੇ ਸ੍ਰੀ ਖੰਨਾ ਦੇ ਅਨੇਕਤਾ ਤੇ ਸਭ ਲਈ ਨਿਆਂ ਪ੍ਰਤੀ ਪ੍ਰਗਟਾਈ ਵਚਨਬੱਧਤਾ ਨਾਲ ਇਕਜੁੱਟਤਾ ਪ੍ਰਗਟਾਈ। ਇਥੇ ਵਰਣਨਯੋਗ ਹੈ ਕਿ ਸ਼੍ਰੀ ਖੰਨਾ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਹਿੰਦੂ ਵਿਚਾਰਧਾਰਾ ਵਿਚ ਵਿਸ਼ਵਾਸ਼ ਰਖਦਾ ਹਰੇਕ ਅਮਰੀਕੀ ਰਾਜਸੀ ਆਗੂ ਅਨੇਕਤਾ ਦੇ ਹੱਕ ਵਿਚ ਖੜਾ ਹੋਵੇ, ਹਿੰਦੂਤਵਾ ਨੂੰ ਰੱਦ ਕਰੇ ਤੇ ਹਿੰਦੂ, ਮੁਸਲਮਾਨਾਂ, ਸਿੱਖਾਂ, ਬੋਧੀਆਂ ਤੇ ਇਸਾਈਆਂ ਦੇ ਬਰਾਬਰ ਅਧਿਕਾਰਾਂ ਦੀ ਗੱਲ ਕਰੇ। ਕੌਮਾਂਤਰੀ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ ਅਨੁਸਾਰ ਹਿੰਦੂਤਵਾ ਵਿਚਾਰਧਾਰਾ ਵਿਚ ਗੈਰ ਹਿੰਦੂਆਂ ਨੂੰ ਵਿਦੇਸ਼ੀ ਨਾਗਰਿਕ ਵਜੋਂ ਵੇਖਿਆ ਜਾਂਦਾ ਹੈ ਤੇ ਭਾਰਤ ਦੀ ਸੱਤਾਧਾਰੀ ਪਾਰਟੀ ਭਾਰਤੀ ਜਨਤਾ ਪਾਰਟੀ ਇਸੇ ਵਿਚਾਰਧਾਰਾ ਤੋਂ ਅਗਵਾਈ ਲੈ ਰਹੀ ਹੈ। ਇਥੇ ਇਹ ਵੀ ਜਿਕਰਯੋਗ ਹੈ ਕਿ ਅਟਾਰਨੀ ਅਮਰ ਸ਼ੇਰਗਿੱਲ ਤੇ ਹੋਰ ਕਈ ਆਗੂ ਭਾਰਤੀ ਜਨਤਾ ਪਾਰਟੀ ਤੇ ਇਸ ਦੇ ਸਮਰਥਕ ਕੱਟੜ ਹਿੰਦੂਵਾਦੀ ਸੰਗਠਨ ਆਰ. ਐਸ. ਐਸ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਵਿਰੋਧ ਕਰ ਚੁੱਕੇ ਹਨ ਜਿਨਾਂ ਦਾ ਇਕੋ ਇਕ ਮਕਸਦ ਹਿੰਦੂ ਵਿਚਾਰਧਾਰਾ ਨੂੰ ਲਾਗੂ ਕਰਨਾ ਹੈ ਜਦ ਕਿ ਭਾਰਤ ਵਿਚ ਮੁਸਲਮਾਨ, ਸਿੱਖਾਂ ਤੇ ਈਸਾਈਆਂ ਸਮੇਤ ਹੋਰ ਵੀ ਕਈ ਧਰਮਾਂ ਦੇ ਲੋਕ ਰਹਿੰਦੇ ਹਨ। ਭਾਰਤੀ ਮੂਲ ਦੇ ਕਾਂਗਰਸ ਮੈਂਬਰ ਰੋ ਖੰਨਾ ਵੱਲੋਂ ਕੱਟੜ ਹਿੰਦੂਵਾਦੀ ਸੋਚ ਨੂੰ ਰੱਦ ਕਰਨ ਤੇ ਕਾਫੀ ਹਿੱਸਾ ਭਾਰਤੀ ਤੇ ਅਮਰੀਕਨ ਵੱਖ ਵੱਖ ਭਾਈਚਾਰਿਆਂ ਦੇ ਲੋਕਾਂ ਨੇ ਭਰਪੂਰ ਸਵਾਗਤ ਕੀਤਾ ਹੈ।



BERKSHIRE HATHAWAY
Home Services
BH HS

Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ
ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
7412 Elsie Ave., Sacramento, CA 95828

ਦੇਸ਼ ਦੁਆਬਾ

# Guru Nanak
# The Apostle of Peace and Love

Guru Nanak was the founder of Sikh religion. He was born in 1469 AD at Nankana Sahib (Pakistan). He was an exceptional child, way ahead of children of his age in terms of walking, talking and responding to adults. He was a handsome, cheerful, and lovable child. He showed signs of spirituality in early age. Sometimes he would sing praises of God along with his friends.

At the age six, he was enrolled in school. He learned language arts and arithmetic very quickly, and the teacher had nothing more to teach. Then he learned Farsi very fast, and the teacher was so impressed by his intelligence that he gave him more books by spiritual saints.

When he was growing up, he noticed that many people were very superstitious, making them victims of ignorance, rituals, injustice and caste systems. He also noticed how women were treated unfavorably, and that Hindus and Muslims were not getting along. Guru Nanak decided to change all that.

His first effort to challenge these rituals was at age 9. He refused to wear a cotton thread (janeu) which was worn by higher caste Hindus only. After rejecting this ritual, he declared that there is only one God and all humans are God's creation. He also rejected the caste system.

When he grew up, his father Mehta Kalu wanted Guru Nanak to start a business so that he could support himself. His father gave him 20 rupees to buy some goods and sell at profit. Guru Nanak and his companion, Mardana, set their journey to the business center. On the way, they noticed a group of saintly people, who had not eaten for days. Guru Nanak decided to feed these holy men. He spent his entire sum to buy food to feed the holy saints. When he came home his father was very upset, so he tried to punish his son. Guru Nanak's sister, Nanaki, intervened and told her father that Guru Nanak is a compassionate and spiritual young man. He did what was a moral bargain. Guru Nanak's favorite quote was, "He who earns his livelihood by honest means and shares with the needy, O'Nanak, he has found the right way."

The tradition of feeding the poor is still continued in the form of Langar (free food for the needy). Over 100,000 meals are served every day at the Sikh Headquarters, The Golden Temple, in Amritsar, Punjab, India. There are over 33,000 Gurdwaras all over the world and Langar is served at each location.

When Guru Nanak grew older, he was appointed in charge of a government store where food was distributed to public. He performed his duties diligently by keeping records accurately. He was fair and gentle to everyone, so he became popular in masses. One day while he was weighing goods, his mind was fixed in the name of God. He would repeat "thine, all is thine, O Lord." ( tera mean yours in Punjabi) Some people complained about the possible food shortage. Once the audit was done, there was no shortage. There was rather a surplus, because Guru Nanak would give away food to the needy from his own salary.

In the evenings he would sing spiritual hymns while Mardana played the Rebeck. People started gathering around to listen to the melodious kirtan and the spiritual message about the three golden rules:. 1. Earn living by honest means, 2. Share with others in need, and 3. Meditate to remember the creator.

He also advised his followers (Sikhs) to be truthful and honest, and to control anger, greed and ego in order to live a balanced life. He taught them the importance of respecting Mother Earth, water, and air. His definition and description of God is inscribed in the beginning of the Sikh Holy Scripture, the Guru Granth Sahib: "There is but one God, His name is eternal truth, He is the creator of the universe, He is devoid of fear and enmity, He is immortal, unborn and self-existent". One day, Guru Nanak decided to leave employment and spread the true message of God. To do this, he went on four journeys called the Udasis. On his first journey , he went east to Haridwar, Assam, Orrisa, where he visited several Hindu places of worship, and he educated many superstitious people. Soon, many people started attending his kirtan, and many people started to follow the teachings of Guru Nanak. On his second journey, he travelled south to Sri Lanka, Kerala, Sindh and Gujarat. On his third journey, he went north to Tibet, Ladakh, Kashmir, and the Kailash Mountains. His fourth journey, went to the west where he visited Mecca, Medina, Baghdad, Iran, Mashad, and Afghanistan. Guru Nanak spent about 23 years in travelling through different parts of the world meeting scholars and saints. Overall, he logged over 30,000 miles on foot through dense jungles, hot deserts, and dangerous mountain passes. Guru Nanak and Mardana faced many adversities as they spread their message, but with compassion, Guru Nanak convinced many people that we are all children of one God. He also convinced his followers that superstitious rituals have no value, and that we all need to live with love and respect and help each other. By nature, Guru Nanak was a humble person. He called himself the Servant of God to Serve Humanity. He said God can be reached through love, devotion, prayers, and good deeds. He was an exceptional poet, and a prominent hymn singer and linguist. He had the courage to peacefully raise his voice against corruption, injustice, and cruelty of rulers. He advised humanity to respect Mother Earth, water, and air to sustain life.

**Courtesy of Harbans Singh Sraon,Ph.D.**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰੂ ਨਾਨਕ, ਘਿਉ ਦੇ ਦੀਵੇ, ਦੀਵਾਲੀ ਅਤੇ ਬੰਦੀਛੋੜ ਦਿਵਸ



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰੂ ਜੋ ਅਗਿਆਨਤਾ ਦਾ ਅੰਧੇਰਾ ਦੂਰ ਕਰ ਗਿਆਨ ਦਾ ਪ੍ਰਕਾਸ਼ ਕਰਦਾ ਹੈ। ਗੁਰੂ ਗਿਆਨਦਾਤਾ ਅਤੇ ਸਿਖਿਆਦਾਇਕ ਅਧਿਆਪਕ ਹੈ। ਗੁਰੂ ਸੂਰਜਾਂ ਦਾ ਵੀ ਸੂਰਜ ਮਹਾਂ ਸੂਰਜ ਹੈ। ਸੈਂਕੜੇ ਚੰਦ ਤੇ ਹਜਾਰਾਂ ਸੂਰਜਾਂ ਦਾ ਚਾਨਣ ਵੀ ਅਗਿਆਨਤਾ ਦਾ ਅੰਧੇਰਾ ਦੂਰ ਨਹੀਂ ਕਰ ਸਕਦਾ-ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥ਏਤੇ ਚਾਨਚ ਹੋਂਦਿਆ ਗੁਰ ਬਿਨੁ ਘੋਰ ਅੰਧਾਰ॥੨॥(ਮ:੨-੪੬੩) ਗੁਰੂ ਗਿਆਨ ਦਾ ਮਹਾਂ ਚਰਾਗ ਹੈ-ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ॥(ਮ:੫-੮੪੯) ਬਲਿਓ ਚਰਾਗੁ ਅੰਧ੍ਹਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮੁ॥(ਮ:੫-੧੩੮੭) ਸੱਚੇ ਗੁਰੂ ਗਿਆਨ ਨਾਲ ਹਿਰਦੇ ਮਨ ਦਾ ਦੀਵਾ ਜਗਾਓ ਫਿਰ ਮਨ ਮੰਦਰ 'ਚ ਸ਼ੁਭ ਗੁਣਾਂ ਰੂਪ ਰਤਨਾਂ ਦੀ ਸੁੰਦਰ ਕੋਠੜੀ ਖੁੱਲ੍ਹਦੀ ਭਾਵ ਬੁੱਧੀ ਵਿਕਸਤ ਹੋ ਜਾਂਦੀ ਹੈ-ਸਤਿਗੁਰ ਸਬਦਿ ਉਜਾਰੋ ਦੀਪਾ॥ ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ॥੧॥ਰਹਾਉ॥(ਮ:੫-੮੨੧)

ਸ਼ਬਦ ਗੁਰੂ ਗਿਆਨ ਦੀ ਪ੍ਰਤਿਮਾ ਨੂੰ ਵੱਡੀ ਪੱਧਰ ਤੇ ਉਜਾਗਰ ਕਰਨ ਵਾਲੇ ਗਿਆਨ ਸੂਰਜ "ਗੁਰੂ ਨਾਨਕ ਪਾਤਸ਼ਾਹ" ਜਦ ਸੰਸਾਰ ਵਿੱਚ ਸਰੀਰਕ ਤੌਰ ਤੇ ਪ੍ਰਗਟ ਹੋਏ ਤਾਂ ਚਾਰ ਚੁਫੇਰੇ ਹੇਰਾ ਫੇਰੀ, ਅਗਿਆਨਤਾ, ਜ਼ਬਰ-ਜ਼ੁਲਮ, ਭੇਖ-ਧਰਮ ਅਤੇ ਅਰਾਜਕਤਾ ਅਦਿਕ ਦਾ ਅੰਧੇਰਾ ਛਾਇਆ ਅਵਿਦਿਆ ਅਤੇ ਹਨੇਰ ਗਰਦੀ ਦੀ ਧੁੰਦ ਪਸਰੀ ਹੋਈ ਸੀ। ਭਾਈ ਗੁਰਦਾਸ ਜੀ ਬਾਬੇ ਨਾਨਕ ਬਾਰੇ ਲਿਖਦੇ ਹਨ-ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ। ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ। ...ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥੨੭॥

ਐਸੀ ਤੇਜ਼ਮਈ ਗਿਆਨ-ਵਿਗਿਆਨ ਰੌਸ਼ਨੀ ਦੇਣ ਵਾਲੇ ਬਾਬਾ ਨਾਨਕ! ਥੋਥੇ ਕਰਮਕਾਂਡਾਂ, ਭੇਖਾਂ, ਵੇਖਾਵਿਆਂ, ਜ਼ਬਰ-ਜ਼ੁਲਮ, ਅਡੰਬਰਾਂ ਦੇ ਵਿਰੁੱਧ ਸਨ। ਜਿਨ੍ਹਾਂ ਨੇ ਡੰਕੇ ਦੀ ਚੋਟ 'ਤੇ ਬੁਲੰਦ ਬਾਂਗ ਕਿਹਾ-ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥੨॥(ਮ:੧-੬੬੨) ਬਾਬਰ ਵਰਗੇ ਜਾਬਰ ਰਾਜਿਆਂ ਨੂੰ ਲਾਹਨਤਾਂ ਪਾਈਆਂ ਕਿ-ਰਾਜੇ ਸੀਂਹ ਮੁਕੱਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ॥ ਚਾਕਰ ਨਹਦਾ ਪਾਇਨਿ ਘਾਉ॥ਰਤੁ ਪਿਤੁ ਕੁਤਿਹੋ ਚਟਿ ਜਾਹੋ॥(ਮ:੧-੧੨੮੮) ਦੇਖੋ! ਜਿਹੜਾ ਗਿਆਨਵਾਨ ਬਾਬਾ! ਮਨੁੱਖਤਾ 'ਚ ਸੱਚ-ਧਰਮ, ਵਿਦਿਆ, ਗਿਆਨ, ਕਿਰਤ, ਸਾਂਵੀਂਵੰਡ, ਨਾਮ (ਰੱਬੀ ਨਿਯਮ) ਇਨਸਾਨੀਅਤ ਅਤੇ ਮਨੁੱਖਤਾ ਭਲਾਈ ਦੇ ਦੀਵੇ ਜਗਾਉਂਦਾ ਬਲਕਿ ਗਿਆਨ ਚਰਾਗ ਬਾਲਦਾ ਹੋਵੇ, ਉਸ ਦੇ ਜਨਮ ਪ੍ਰਕਾਸ਼ ਗੁਰਪੁਰਬ 'ਤੇ ਸ਼੍ਰੋਮਣੀ ਕਮੇਟੀ ਡੇਰੇਦਾਰ ਸਾਧ ਸੰਪ੍ਰਦਾਈਆਂ ਨਾਲ ਰਲ ਕੇ ਲੱਖਾਂ ਦੀ ਤਦਾਦ 'ਚ ਦੇਸੀ ਘਿਉ ਦੇ ਦੀਵੇ ਬਾਲ ਕੀਮਤੀ ਪਦਾਰਥ ਘਿਉ ਨੂੰ ਫੂਕ ਕੇ, ਨਸ਼ਟ ਕਰ ਦੇਵੇ! ਕੀ ਉਸ ਮਾਇਆਧਾਰੀ ਤੇ ਸਰਕਾਰੀ ਕਮੇਟੀ ਅਤੇ ਉਸ ਦੀਆਂ ਪਿਛਲੱਗ ਜਥੇਬੰਦੀਆਂ ਤੇ ਸੰਪ੍ਰਦਾਵਾਂ ਨੂੰ ਬਾਬੇ ਨਾਨਕ ਦੇ ਵਾਰਸ ਆਗੂ ਸਿੱਖ ਕਿਹਾ ਜਾ ਸਕਦਾ ਹੈ? ਉੱਤਰ ਹੈ ਕਦਾ ਚਿੱਤ ਵੀ ਨਹੀਂ।

ਦੇਖੋ! ਪੰਜਾਬ ਭਾਰਤ 'ਚ ਬਹੁਤੇ ਲੋਕ ਗਰੀਬ, ਲੋੜਵੰਦ ਅਤੇ ਬੇਰੁਜਗਾਰ ਪੜ੍ਹੇ ਲਿਖੇ ਨੌਜਵਾਨ, ਕਿਸਾਨ ਤੇ ਖੇਡਾਰੀ ਹਨ। ਬਹੁਤਿਆਂ ਨੂੰ ਸਰੀਰ ਲਈ ਕਪੜੇ, ਦਵਾਈਆਂ, ਵਿਦਿਆ, ਖਾਧ ਪਦਾਰਥ, ਦੁੱਧ, ਘਿਓ ਆਦਿਕ ਅਤੇ ਰੁਜਗਾਰ ਵੀ ਨਹੀਂ ਮਿਲ ਰਹੇ। ਇੱਥੋਂ ਤੱਕ ਕਿ ਕਈ ਦੁੱਧ ਖੁਣੋ ਚਾਹ ਬਨਾਓਣ ਲਈ ਵੀ ਆਤਰ ਹਨ। ਕੀ ਬਾਬੇ ਨਾਨਕ ਦੇ ਸਿਧਾਂਤਾਂ ਦੀ ਪਾਲਣਾ, ਉਨ੍ਹਾਂ ਦੀ ਪਾਲਣ ਪੋਸ਼ਣ, ਵਿਦਿਆ, ਦਵਾਈ ਆਦਿਕ ਆਰਥਕ ਮਦਦ ਕਰਨ ਨਾਲ ਹੋਵੇਗੀ ਜਾਂ ਵਿਖਾਵੇ, ਅਡੰਬਰ ਤੇ ਲੱਖਾਂ ਕਰੋੜਾਂ ਰੁਪਿਆ ਤੇ ਪਦਾਰਥ ਸ਼ੁਹਰਤ ਤੇ ਵਿਖਾਵੇ ਲਈ ਵਿਅਰਥ ਨਸ਼ਟ ਕਰ ਦੇਣ ਨਾਲ?ਕਿੰਨਾਂ ਚੰਗਾ ਹੁੰਦਾ ਸ਼੍ਰੋਮਣੀ ਕਮੇਟੀ ਹੋਰ ਵੱਡੀਆਂ ਜਥੇਬੰਦੀਆਂ ਅਤੇ ਧੰਨਾਢ ਲੋਗ ਮਿਲ ਕੇ ਗਿਆਨ ਵਿਦਿਆ ਹੁਨਰ ਦੇ ਚਰਾਗ ਦੀਵੇ-ਸਕੂਲ, ਕਾਲਜ, ਯੂਨੀਵਰਸਿਟੀਆਂ, ਅਜੋਕੀ ਰੁਜਗਾਰ ਤਕਨੀਕ ਦੇ ਸਾਧਨ ਅਤੇ ਸਰੀਰ ਦੀ ਤੰਦਰੁਸਤੀ ਲਈ ਹਸਪਤਾਲ ਖੋਲ੍ਹਦੇ ਅਤੇ ਮਾਰੂ ਨਸ਼ਿਆਂ ਦੀ ਰੋਕਥਾਮ ਦੇ ਪ੍ਰਬੰਧ ਕਰਦੇ। ਅੱਜ ਬਹੁਤੀ ਜਵਾਨੀ ਨਸ਼ਿਆਂ ਤੇ ਬੇਰੁਜਗਾਰੀ ਦੀ ਮਾਰ ਹੇਠ ਫਸੀ ਦਿਨ ਕਟੀ ਕਰ ਰਹੀ ਹੈ।

ਪਹਿਲੇ ਰਹਿਬਰ ਬਾਬਾ ਨਾਨਕ ਜਿਨ੍ਹਾਂ ਨੇ ਔਰਤ ਨੂੰ ਮਰਦ (ਸੋ ਕਿਉਂ ਮੰਦਾ ਆਖੀਐ ਜਿਤੁ ਜੰਮੈ ਰਾਜਾਨ) ਦੇ ਤੇ ਕਹੇ ਜਾਂਦੇ ਸ਼ੂਦਰਾਂ ਨੂੰ ਬਰਾਬਰ ਦੇ ਅਧਿਕਾਰ ਦਿੱਤੇ-ਨੀਚਾਂ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ਨਾਨਕੁ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥੪॥੩॥(ਮ:੧-੧੫) ਅਸੀਂ ਬੀਬੀਆਂ ਨੂੰ ਦਰਬਾਰ ਸਾਹਿਬ ਵਿਖੇ ਕੀਰਤਨ ਵੀ ਨਹੀਂ ਕਰਨ ਦਿੰਦੇ, ਦਲਤ ਤੇ ਚੌਥਾ ਪੌੜਾ, ਮਜ਼ਹਬੀ ਦਲ ਆਦਿਕ ਊਚ-ਨੀਚ ਵਿਤਕਰੇ ਪ੍ਰੈਕਟੀਕਲ ਰੂਪ 'ਚ ਖਤਮ ਨਹੀਂ ਕਰ ਸੱਕੇ। ਬਾਬੇ ਨਾਨਕ ਦੇ ਸਰਬਪੱਖੀ ਤੇ ਸਰਬਕਾਲੀ ਅਟੱਲ ਸਿਧਾਂਤ ਵੀ ਪ੍ਰਵਾਰ ਤੇ ਜਥੇਬੰਧਕ ਪੱਧਰ ਤੇ ਅਪਣਾਏ ਨਹੀਂ ਜਾ ਰਹੇ।

ਸ੍ਰੀ ਰਾਮ ਚੰਦ ਅਵਤਾਰ ਦੇ 14 ਸਾਲ ਦੇ ਬਨਵਾਸ ਕੱਟ ਘਰ ਆਉਣ ਦੀ ਖੁਸ਼ੀ 'ਚ ਹਿੰਦੂ ਵੀਰ ਦੀਵੇ ਬਾਲ ਕੇ ਦੀਵਾਲੀ ਮਨਾਉਂਦੇ ਸਨ ਪਰ ਅਜੋਕੇ ਵਾਪਾਰੀ ਯੁੱਗ ਨੇ ਉਸ ਦੀ ਬਣਤਰ ਮਾਰੂ ਪਟਾਕਿਆਂ, ਨਸ਼ਿਆਂ, ਜ਼ਹਿਰੀਲੇ ਪਦਾਰਥਾਂ ਅਤੇ ਲੜਾਈ ਝਗੜਿਆਂ 'ਚ ਬਦਲ ਦਿੱਤੀ ਹੈ। ਦੇਖੋ! ਕਿੰਨੇ ਗਰੀਬਾਂ ਦੀਆਂ ਝੁੱਗੀਆਂ ਤੇ ਘਰ ਇਨ੍ਹਾਂ ਮਾਰੂ ਪਟ-ਾਕਿਆਂ ਨਾਲ ਸੜ ਜਾਂਦੇ ਅਤੇ ਲਛਮੀ ਦੇ ਨਾਂ ਤੇ ਦਰਵਾਜ਼ੇ ਖੁੱਲ੍ਹੇ ਰੱਖਣ ਨਾਲ ਚੋਰ ਵੀ ਹੱਥ ਸਾਫ ਕਰ ਜਾਂਦੇ ਹਨ। ਇਸ ਲਈ ਦੀਵਾਲੀ 'ਤੇ ਜ਼ਹਿਰ ਭਰੇ ਪਟਾਕੇ, ਡੈਕੋਰੇਸ਼ਨਾਂ ਅਤੇ ਘਟੀਆ ਕਿਸਮ ਦੀਆਂ ਜ਼ਹਿਰੀਲੀਆਂ ਮਠਿਆਈਆਂ ਬੰਦ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਵਿਸ਼ੇਸ਼ ਨੋਟ-ਦੀਵਾਲੀ ਸਮੁੱਚੀ ਮਨੁੱਖਤਾ ਲਈ ਵਿਦਿਆ ਗਿਆਨ ਚਾਨਣ ਦਾ ਤਿਉਹਾਰ ਹੋਣਾ ਚਾਹੀਦੈ ਕਿਉਂਕਿ ਮਨੁੱਖ ਨੇ ਜਦੋਂ ਤੋਂ ਸੋਝੀ ਪ੍ਰਾਪਤ ਕਰਨੀ ਸ਼ੁਰੂ ਕੀਤੀ, ਦੀਵੇ ਉਸ ਵੇਲੇ ਤੋਂ ਹੀ ਚਾਨਣ ਲਈ ਹੋਂਦ 'ਚ ਆਏ। ਇਸ ਲਈ ਦਿਵਾਲੀ ਨੂੰ ਕਿਸੇ ਖਾਸ ਧਰਮ ਜਾਂ ਆਗੂ ਨਾਲ ਨਹੀਂ ਜੋੜਨਾ ਚਾਹੀਦਾ ਸਗੋਂ ਅਜੋਕੀ ਇਕਵੀਂ ਸਦੀ ਜਦ ਸਾਡੇ ਕੋਲ ਚਾਨਣ ਰੋਸ਼ਨੀ ਦੇ ਬੇਅੰਤ ਨਵੀਨ ਸਾਧਨਾਂ ਦੇ ਹੁੰਦਿਆਂ ਘਿਉ ਤੇਲ ਆਦਿਕ ਕੀਮਤੀ ਪਦਾਰਥਾਂ ਦੇ ਵਿਅਰਥ ਦੀਵੇ ਬਾਲਣੇ, ਜ਼ਹਿਰੀਲੇ ਪਟਾਕੇ ਚਲਾਉਣੇ ਕਿੱਧਰ ਦੀ ਸਿਆਣਪ ਤੇ ਅਗਾਂਹਵਧੂ ਸੋਚ ਹੈ? ਦੇਖੋ! ਦੀਵਾ ਹਨੇਰੇ ਨੂੰ ਦੂਰ ਕਰਨ ਦਾ ਸੂਚਕ ਹੈ-ਦੀਵਾ ਬਲੇ ਅੰਧੇਰਾ ਜਾਇ॥(ਸ਼ਬਦ ਗੁਰੂ) ਇਵੇਂ ਹੀ ਜਦ ਵਿਦਿਆ ਹੁਨਰ ਗਿਆਨ ਦਾ ਦੀਵਾ ਬਲਦੈ ਤਾਂ ਅਗਿਆਨਤਾ, ਹੇਰਾਫੇਰੀ, ਹਨੇਰ ਦਰਦੀ, ਅੰਧਵਿਸ਼ਵਾਸ਼, ਜਾਤ-ਪਾਤ, ਛੂਆ-ਛਾਤ, ਹਉਮੇ-ਹੰਕਾਰ, ਜੋਰ-ਜ਼ੁਲਮ ਅਤੇ ਧੱਕੇ-ਧੌਂਸ ਆਦਿਕ ਦਾ ਹਨੇਰਾ ਦੂਰ ਹੋ ਜਾਂਦਾ ਹੈ।

ਪਹਿਲੇ ਬੰਦੀਛੋੜ ਗੁਰੂ ਨਾਨਕ ਪਾਤਸ਼ਾਹ ਸਨ ਜਿੰਨ੍ਹਾਂ ਨੇ ਬਾਬਰ ਦੀ ਕੈਦ 'ਚ ਚੱਕੀਆਂ ਪੀਹ ਰਹੇ ਬੇਕਸੂਰ ਕੈਦੀਆਂ ਨੂੰ ਛੁਡਵਾਇਆ ਤੇ ਦੂਜੇ ਬੰਦੀਛੋੜ ਛੇਵੇਂ ਪਾਤਸ਼ਾਹ ਸਨ। ਬੰਦੀਛੋੜ-ਇਤਿਹਾਸ ਭੱਟ ਵਹੀਆਂ ਅਨੁਸਾਰ ਗੁਰੂ ਹਰਿ ਗੋਬਿੰਦ ਸਾਹਿਬ ੨੮ ਫਰਵਰੀ ੧੬੨੦ ਨੂੰ ਅੰਮ੍ਰਿਤਸਰ ਆਏ ਜਦ ਕਿ ਹਿੰਦੂ ਦੀਵਾਲੀ ਅਕਤੂਬਰ ਜਾਂ ਨਵੰਬਰ ਵਿੱਚ ਅਕਸਰ ਆਉਂਦੀ ਹੈ। ਹੁਣ ਪਤਾ ਨਹੀਂ ਸਿੱਖਾਂ ਨੂੰ ਕੀ ਮਜ਼ਬੂਰੀ ਬਣ ਗਈ ਉਹ ਬੰਦੀਛੋੜ ਦਿਵਸ ਨੂੰ ਦੀਵਾਲੀ ਨਾਲ ਜੋੜ ਰਹੇ ਹਨ? ਦੇਖੋ! ਇਤਿਹਾਸ ਨਾਲ ਬੇਈਮਾਨੀ ਕਰਕੇ ਬੰਦੀਛੋੜ ਦਿਵਸ ਨੂੰ ਰਾਮ ਚੰਦ੍ਰ ਦੇ ਬਨਵਾਸ ਕੱਟਣ ਵਾਲੀ ਕਰਮਕਾਂਡੀ ਦਿਵਾਲੀ ਨਾਲ ਜੋੜ ਦਿੱਤਾ ਗਿਆ। 28 ਫਰਵਰੀ 1620 ਵਾਲੀ ਬੰਦੀਛੋੜ ਇਤਿਹਾਸਕ ਘਟਨਾ ਨੂੰ, ਨਵੰਬਰ-ਦਸੰਬਰ ਦੀ ਹਿੰਦੂ ਦਿਵਾਲੀ ਨਾਲ ਜੋੜਨਾ ਅਤੇ ਕੇਸਾਧਾਰੀ ਸਿੱਖ ਆਗੂਆਂ ਤੇ ਵਿਦਵਾਨਾਂ ਦਾ ਇਸ ਨੂੰ ਮਾਨਤਾ ਦੇਣਾ, ਸਿੱਖ ਇਤਿਹਾਸ 'ਚ ਸੰਨ੍ਹ ਲਾਉਣ ਵਾਲੀ ਲੁਕਵੀਂ ਚਾਲ ਹੈ। ਹੁਣ ਗੁਰਦੁਆਰਿਆਂ 'ਚ ਨਾਂ ਦਾ ਹੀ ਬੰਦੀਛੋੜ ਦਿਵਸ ਹੁੰਦੈ ਪਰ ਕਰਮਕਾਂਡ ਤੇ ਮਨੌਤਾਂ, ਲੱਖਾਂ ਮਣਾਂ ਦੇਸੀ ਘਿਉ-ਤੇਲ ਫੂਕਣ ਤੇ ਜਹਰੀਲੇ ਪਟਾਕਿਆਂ ਰਾਹੀਂ ਜ਼ਹਿਰ ਫੈਲਾਉਣ ਵਾਲੇ ਲਛਮੀਪੂਜ ਹਿੰਦੂਆਂ ਵਾਲੀਆਂ ਹੀ ਹੁੰਦੀਆਂ ਹਨ। ਹਾਂ ਹਿੰਦੂ ਦਿਵਾਲੀ ਤੇ ਹਿੰਦੂ ਵੀਰਾਂ ਭੈਣਾਂ ਨੂੰ ਵਧਾਈਆਂ ਦੇ ਕੇ ਖੁਸ਼ੀ ਦਾ ਇਜ਼ਹਾਰ ਤਾਂ ਕੀਤਾ ਜਾ ਸਕਦੈ ਪਰ ਬੰਦੀਛੋੜ ਵੱਖਰੇ ਤੌਰ ਤੇ ਅਸਲੀ ਇਤਿਹਾਕ ਦਿਹਾੜੇ 'ਤੇ ਹੀ ਹੋਣਾ ਚਾਹੀਦੈ ਤਾਂ ਹੀ ਉਸ ਦੀ ਇਤਿਹਾਸਕ ਵਿਲੱਖਣਤਾ ਕਾਇਮ ਰਹਿ ਸਕਦੀ ਹੈ।

# ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਸ੍ਰੀ ਨਨਕਾਣਾ ਸਾਹਿਬ 'ਚ ਟੈਂਟ ਸਿਟੀ ਦਾ ਨਿਰਮਾਣ ਸ਼ੁਰੂ



**ਅੰਮ੍ਰਿਤਸਰ-** ਪਾਕਿਸਤਾਨ 'ਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ 'ਚ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ 'ਚ ਪਹੁੰਚ ਰਹੀ ਸੰਗਤ ਦੀ ਅਸਥਾਈ ਰਿਹਾਇਸ਼ ਲਈ ਟੈਂਟ ਸਿਟੀ ਦਾ ਨਿਰਮਾਣ ਸ਼ੁਰੂ ਕਰ ਦਿੱਤਾ ਗਿਆ ਹੈ। ਉਕਤ ਟੈਂਟ ਸਿਟੀ 'ਚ 6-6 ਕਨਾਲ ਭੂਮੀ 'ਤੇ ਤਿੰਨ ਵਿਸ਼ਾਲ ਟੈਂਟ ਲਗਾਏ ਜਾ ਰਹੇ ਹਨ। ਇਸ ਬਾਰੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਨੇ ਦੱਸਿਆ ਕਿ ਇਹ ਟੈਂਟ ਸਿਟੀ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੇ ਬਿਲਕੁਲ ਨਾਲ ਬਣਾਈ ਜਾ ਰਹੀ ਹੈ, ਜਿਸ 'ਚ ਭਾਰਤ ਤੋਂ ਗਏ ਯਾਤਰੂਆਂ ਦੇ ਨਾਲ-ਨਾਲ ਸੂਬਾ ਸਿੰਧ, ਖੈਬਰ ਪਖਤੂਨਖਵਾ ਤੇ ਲਹਿੰਦੇ ਪੰਜਾਬ ਦੇ ਵੱਖ-ਵੱਖ ਇਲਾਕਿਆਂ 'ਚੋਂ ਪਹੁੰਚੀ ਸੰਗਤ ਦੀ ਅਸਥਾਈ ਰਿਹਾਇਸ਼ ਦਾ ਵੀ ਪ੍ਰਬੰਧ ਕੀਤਾ ਜਾਣਾ ਹੈ। ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰਾ ਸ੍ਰੀ ਕਿਆਰਾ ਸਾਹਿਬ ਦੇ ਹੈਡ ਗ੍ਰੰਥੀ ਮਦਨ ਸਿੰਘ, ਜਗਬੀਰ ਸਿੰਘ ਤੇ ਬਾਬਰ ਜਲੰਧਰੀ ਨੇ ਦੱਸਿਆ ਕਿ ਗੁਰਦੁਆਰਾ ਬਾਲ ਲੀਲਾ ਦੇ ਪਿਛਲੇ ਪਾਸੇ ਤੇ ਡਿਸਟ੍ਰਿਕਟ ਹੈਡਕੁਆਰਟਰ ਹਸਪਤਾਲ ਦੇ ਨਜ਼ਦੀਕ ਸਾਹੀਵਾਲ ਰੋਡ 'ਤੇ ਚੁੰਗੀ ਨੰ: 5 ਵਿਖੇ ਤਿੰਨ ਵਿਸ਼ਾਲ ਟੈਂਟ ਲਗਾਏ ਗਏ ਹਨ। ਇਹਨਾਂ ਦੇ ਨਜ਼ਦੀਕ ਹੀ ਅਸਥਾਈ ਬਾਥਰੂਮ ਵੀ ਬਣਾਏ ਗਏ ਹਨ। ਉਹਨਾਂ ਦੱਸਿਆ ਕਿ ਟੈਂਟ ਬਣਾਉਣ ਦੀ ਸੇਵਾ 'ਚ ਰਾਜਵੀਰ ਸਿੰਘ ਤੇ ਉਹਨਾਂ ਦੇ ਸਾਥੀਆਂ ਵੱਲੋਂ ਵਿਸ਼ੇਸ਼ ਯੋਗਦਾਨ ਦੇਣ ਦੇ ਨਾਲ ਨਾਲ ਲੰਗਰ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਇਹ ਟੈਂਟ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਬਿਲਕੁਲ ਨਜ਼ਦੀਕ ਬਣਾਏ ਗਏ ਹਨ ਤਾਂ ਕਿ ਇੱਥੇ ਸਿਰਫ 4-5 ਮਿੰਟ ਪੈਦਲ ਚੱਲ ਕੇ ਗੁਰਦੁਆਰਾ ਸਾਹਿਬ ਵਿਖੇ ਪਹੁੰਚਿਆ ਜਾ ਸਕੇ। ਬਾਬਰ ਜਲੰਧਰ ਮੁਤਾਬਕ ਯਾਤਰੂਆਂ ਦੀ ਰਿਹਾਇਸ਼ ਲਈ ਗੁਰਦੁਆਰਾ ਸ੍ਰੀ ਜਨਮ ਅਸਥਾਨ ਦੇ ਅੰਦਰ ਨਵੀਆਂ ਸਰਾਵਾਂ ਉਸਾਰਨ ਦੇ ਨਾਲ ਨਾਲ ਹਟ-ਬਲਾਕ (ਆਧੁਨਿਕ ਨਮੂਨੇ ਦੀ ਵੱਡੀ ਝੌਂਪੜੀ ਵਾਂਗ ਵਿਖਾਈ ਦਿੰਦੀ ਸਰਾਂ) ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸੰਗਤ ਵੱਲੋਂ ਕੀਤੀ ਜਾਣ ਵਾਲੀ ਸ਼ਮੂਲੀਅਤ ਦੇ ਮੱਦੇਨਜ਼ਰ ਟੀ. ਡੀ. ਸੀ. ਪੀ. ਵੱਲੋਂ ਵੀ ਸ੍ਰੀ ਨਨਕਾਣਾ ਸਾਹਿਬ 'ਚ ਇਕ ਆਲੀਸ਼ਾਨ ਸਰਾਂ ਉਸਾਰੀ ਗਈ ਹੈ।

**ਤਸਵੀਰਾਂ- ਬਾਬਰ ਜਲੰਧਰੀ, ਲਾਹੌਰ**





The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

***Respected Community Members***

You are cordially invited to participate as a distinguished guest to Welcome, listen and interact with the elite exponent and Ambedkarite RAJRATNA AMBEDKAR, the great grand nephew of Bharat Ratan Dr. B.R.AMBEDKAR at

**Golden Peacock Banquet,**
**24989 Santa Clara St. HAYWARD CA 94544**

**on Wednesday,**
**30th, October 2019 at 6.45pm SHARP.**

**RSVP**
**Supreme Council of Guru Ravidass Sabhas,**
**CA (USA) 707 372 5657, 925 252 6085**
**Courtesy: Jaswinder Banga 916 796 5003**

***Read more: www.ambedkartimes.com***





# ਅਨਾਥਾਂ ਤੇ ਅਪਾਹਜਾਂ ਦੀ ਭਲਾਈ ਲਈ ਅੱਗੇ ਆਉਣ ਕੰਪਨੀਆਂ: ਕੋਵਿੰਦ

**ਨਵੀਂ ਦਿੱਲੀ–** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਕੰਪਨੀਆਂ ਨੂੰ ਸੁਝਾਅ ਦਿੱਤਾ ਹੈ ਕਿ ਉਹ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀਐੱਸਆਰ) ਤਹਿਤ ਅਨਾਥ ਤੇ ਅਪਾਹਜ ਲੋਕਾਂ ਦੀ ਭਲਾਈ ਲਈ ਵੱਧ ਰਾਸ਼ੀ ਖਰਚ ਕਰਨ। ਉਨ੍ਹਾਂ ਕਿਹਾ ਕਿ ਸਮਾਜ ਭਲਾਈ ਦੀਆਂ ਗਤੀਵਿਧੀਆਂ ਨਾਲ ਆਮ ਲੋਕਾਂ ਵਿਚਾਲੇ ਉਨ੍ਹਾਂ ਦਾ ਸਨਮਾਨ ਵਧੇਗਾ। ਉਨ੍ਹਾਂ ਇੱਥੇ ਸੀਐੱਸਆਰ ਦੇ ਐਵਾਰਡ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੀਐੱਸਆਰ ਗਤੀਵਿਧੀਆਂ ਰਾਹੀਂ ਵਿਕਾਸ ਦੀਆਂ ਚੁਣੌਤੀਆਂ ਲਈ ਨਵੇਂ ਹੱਲ ਲੱਭੇ ਜਾ ਸਕਦੇ ਹਨ।



ਕੰਪਨੀ ਕਾਨੂੰਨ 2013 ਤਹਿਤ ਸੀਐੱਸਆਰ ਤਜਵੀਜ਼ਾਂ 1 ਅਪਰੈਲ 2014 ਤੋਂ ਲਾਗੂ ਹਨ। ਇਸ ਕਾਨੂੰਨ ਤਹਿਤ ਕੁਝ ਵਰਗਾਂ 'ਚ ਮੁਨਾਫ਼ੇ ਕਮਾਉਣ ਵਾਲੀਆਂ ਕੰਪਨੀਆਂ ਨੇ ਆਪਣੇ ਤਿੰਨ ਸਾਲ ਦੇ ਔਸਤ ਸ਼ੁੱਧ ਲਾਭ ਦਾ ਦੋ ਫੀਸਦ ਹਿੱਸਾ ਇੱਕ ਵਿੱਤੀ ਸਾਲ 'ਚ ਸੀਐੱਸਆਰ ਗਤੀਵਿਧੀਆਂ 'ਤੇ ਖਰਚ ਕਰਨਾ ਹੁੰਦਾ ਹੈ। ਉਨ੍ਹਾਂ ਕਿਹਾ ਕਿ 2014-15 'ਚ ਕੰਪਨੀਆਂ ਹਰ ਸਾਲ ਸੀਐੱਸਆਰ 'ਤੇ 10 ਹਜ਼ਾਰ ਕਰੋੜ ਰੁਪਏ ਖਰਚ ਕਰਦੀਆਂ ਹਨ। ਉਨ੍ਹਾਂ ਕਿਹਾ ਸਮਾਜ ਭਲਾਈ ਗਤੀਵਿਧੀਆਂ 'ਤੇ ਖਰਚ ਕਰਨ ਲਈ ਸਰੋਤ, ਇੱਛਾ ਸ਼ਕਤੀ ਤੇ ਰੂਪ-ਰੇਖਾ ਅਹਿਮ ਹੁੰਦੀ ਹੈ। ਉਨ੍ਹਾਂ ਕਿਹਾ ਕਿ ਅਨਾਥਾਂ ਤੇ ਅਪਾਹਜਾਂ 'ਤੇ ਵੱਧ ਪੈਸਾ ਖਰਚ ਕੀਤਾ ਜਾਣਾ ਚਾਹੀਦਾ ਹੈ। ਸਰਕਾਰ ਨੇ ਅਜਿਹੇ ਲੋਕਾਂ ਦੀ ਮਦਦ ਲਈ ਆਪਣੇ ਵੱਲੋਂ ਜੋ ਕਰਨਾ ਸੀ, ਉਹ ਕੀਤਾ ਪਰ ਕਾਰਪੋਰੇਟ ਖੇਤਰ ਉਨ੍ਹਾਂ ਲਈ ਕਾਫੀ ਕੁਝ ਹੋਰ ਵੀ ਕਰ ਸਕਦਾ ਹੈ। ਰਾਸ਼ਟਰਪਤੀ ਨੇ ਕਿਹਾ ਕਿ ਉਹ ਨੇੜ ਭਵਿੱਖ 'ਚ ਅਜਿਹੀਆਂ ਯੋਜਨਾਵਾਂ ਬਣਾ ਸਕਦੇ ਹਨ ਕਿ ਜਿਸ ਨਾਲ ਹਰ ਅਨਾਥ ਬੱਚਿਆਂ ਦੀ ਸੰਭਾਲ ਹੋ ਸਕੇ। ਉਹ 2030 ਤੱਕ ਹਰ ਅਨਾਥ ਦੀ ਸੰਭਾਲ ਦਾ ਟੀਚਾ ਰੱਖ ਸਕਦੇ ਹਨ। -ਪੀਟੀਆਈ

### ਮਹਿਲਾ ਪੁਲੀਸ ਕਰਮੀ ਨੂੰ ਮਿਲੇ ਰਾਸ਼ਟਰਪਤੀ

ਰਾਸ਼ਟਰਪਤੀ ਰਾਮ ਨਾਥ ਕੋਵਿੰਦ ਸਮਾਗਮ ਦੌਰਾਨ ਮੰਚ ਤੋਂ ਉੱਤਰ ਕੇ ਇੱਕ ਮਹਿਲਾ ਪੁਲੀਸ ਕਰਮੀ ਨੂੰ ਮਿਲਣ ਲਈ ਗਏ ਜੋ ਪੈਰ ਮੁੜ ਜਾਣ ਕਾਰਨ ਡਿੱਗ ਗਈ ਸੀ। ਮਹਿਲਾ ਪੁਲੀਸ ਕਰਮੀ ਵਿਗਿਆਨ ਭਵਨ 'ਚ ਕੌਮੀ ਸੀਐੱਸਆਰ ਸਮਾਗਮ ਦੌਰਾਨ ਮੰਚ 'ਤੇ ਅੱਗੇ ਖੜ੍ਹੀ ਸੀ। ਰਾਸ਼ਟਰੀ ਗੀਤ ਸ਼ੁਰੂ ਹੁੰਦਿਆਂ ਹੀ ਮਹਿਲਾ ਕਰਮੀ ਡਿੱਗ ਗਈ ਤੇ ਕਾਲੀਨ 'ਤੇ ਬੈਠ ਗਈ। ਰਾਸ਼ਟਰੀ ਗੀਤ ਖਤਮ ਹੁੰਦਿਆਂ ਹੀ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨਾਲ ਗੱਲ ਕਰਨ ਤੋਂ ਬਾਅਦ ਸ੍ਰੀ ਕੋਵਿੰਦ ਸੁਰੱਖਿਆ ਕਰਮੀਆਂ ਨਾਲ ਸਟੇਜ ਤੋਂ ਹੇਠਾਂ ਆ ਗਏ। ਇਸ ਤੋਂ ਬਾਅਦ ਉਨ੍ਹਾਂ ਮਹਿਲਾ ਪੁਲੀਸ ਕਰਮੀ ਨਾਲ ਗੱਲਬਾਤ ਕੀਤੀ ਤੇ ਅਨੁਰਾਗ ਠਾਕੁਰ ਨੇ ਉਨ੍ਹਾਂ ਨੂੰ ਪਾਣੀ ਦੀ ਬੋਤਲ ਦਿੱਤੀ।

# ਸੇਵਾਮੁਕਤੀ ਤੋਂ ਪਹਿਲਾਂ ਗੋਗੋਈ ਵਲੋਂ ਅਹਿਮ ਫ਼ੈਸਲੇ ਸੁਣਾਏ ਜਾਣ ਦੀ ਸੰਭਾਵਨਾ

**ਨਵੀਂ ਦਿੱਲੀ–** ਭਾਰਤ ਦੇ ਚੀਫ ਜਸਟਿਸ ਰੰਜਨ ਗੋਗੋਈ, ਜੋ 17 ਨਵੰਬਰ ਨੂੰ ਸੇਵਾਮੁਕਤ ਹੋ ਰਹੇ ਹਨ, ਵਲੋਂ ਸੁਪਰੀਮ ਕੋਰਟ ਦੇ ਅਗਲੇ ਅੱਠ ਕੰਮਕਾਜੀ ਦਿਨਾਂ ਦੌਰਾਨ ਰਾਮ ਜਨਮਭੂਮੀ- ਬਾਬਰੀ ਮਸਜਿਦ ਵਿਵਾਦ ਤੇ ਰਾਫ਼ਾਲ ਫ਼ੈਸਲੇ ਸਬੰਧੀ ਰੀਵਿਊ ਪਟੀਸ਼ਨਾਂ ਸਣੇ ਕਈ ਅਹਿਮ ਕੇਸਾਂ ਦਾ ਫ਼ੈਸਲਾ ਸੁਣਾਏ ਜਾਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਜਸਟਿਸ ਗੋਗੋਈ ਦੀ ਅਗਵਾਈ ਵਾਲੇ ਬੈਂਚ ਵਲੋਂ ਕਾਂਗਰਸ ਆਗੂ ਰਾਹੁਲ ਗਾਂਧੀ ਖ਼ਿਲਾਫ਼ ਹੱਤਕ ਦਾ ਫ਼ੌਜਦਾਰੀ ਕੇਸ ਦਰਜ ਕਰਨ ਸਬੰਧੀ ਪਟੀਸ਼ਨ 'ਤੇ ਵੀ ਫ਼ੈਸਲਾ ਸੁਣਾਇਆ ਜਾਣਾ ਹੈ। ਇਹ ਪਟੀਸ਼ਨ ਰਾਹੁਲ ਗਾਂਧੀ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਕੀਤੀ ਟਿੱਪਣੀ 'ਚੌਕੀਦਾਰ ਚੋਰ ਹੈ' ਦੇ ਸਬੰਧ ਵਿਚ ਹੈ। ਜਸਟਿਸ ਗੋਗੋਈ ਦੀ ਅਗਵਾਈ ਵਾਲੇ ਪੰਜ-ਜੱਜਾਂ ਦੇ ਸੰਵਿਧਾਨਿਕ ਬੈਂਚ ਵਲੋਂ ਕੇਰਲ ਦੇ ਸਬਰੀਮਾਲਾ ਮੰਦਰ ਵਿੱਚ ਔਰਤਾਂ ਨੂੰ ਦਾਖ਼ਲ ਹੋਣ ਦੀ ਇਜ਼ਾਜਤ ਸਬੰਧੀ ਉੱਚ ਅਦਾਲਤ ਦੇ ਫ਼ੈਸਲੇ ਸਬੰਧੀ ਰੀਵਿਊ ਪਟੀਸ਼ਨਾਂ 'ਤੇ ਵੀ ਫ਼ੈਸਲਾ ਸੁਣਾਇਆ ਜਾਣਾ ਹੈ। ਜਸਟਿਸ ਗੋਗੋਈ ਦੀ ਅਗਵਾਈ ਵਾਲੇ ਵੱਖਰੇ ਪੰਜ-ਜੱਜਾਂ ਵਾਲੇ ਸੰਵਿਧਾਨਿਕ ਬੈਂਚ ਵਲੋਂ ਸਿਆਸੀ ਤੇ ਧਾਰਮਿਕ ਤੌਰ 'ਤੇ ਸੰਵੇਦਨਸ਼ੀਲ ਰਾਮ ਜਨ-ਮਭੂਮੀ- ਬਾਬਰੀ ਮਸਜਿਦ ਮਾਮਲੇ ਦੀ 40 ਦਿਨ ਲਗਾਤਾਰ ਚੱਲੀ ਸੁਣਵਾਈ ਮਗਰੋਂ ਫ਼ੈਸਲਾ ਰਾਖਵਾਂ ਰੱਖਿਆ ਹੋਇਆ ਹੈ। ਇਸ ਵੇਲੇ ਸਰਬਉੱਚ ਅਦਾਲਤ ਵਿਚ ਦੀਵਾਲੀ ਦੀਆਂ ਛੁੱਟੀਆਂ ਚੱਲ ਰਹੀਆਂ ਹਨ ਅਤੇ ਇਹ 4 ਨਵੰਬਰ ਨੂੰ ਮੁੜ ਖੁੱਲ੍ਹੇਗੀ। ਉਸ ਤੋਂ ਬਾਅਦ ਅਦਾਲਤ ਵਿਚ 11 ਅਤੇ 12 ਨਵੰਬਰ ਨੂੰ ਛੁੱਟੀਆਂ ਹਨ, ਜਿਸ ਕਰਕੇ 17 ਨਵੰਬਰ ਤੱਕ ਕੰਮਕਾਜ ਦੇ ਕੇਵਲ ਅੱਠ ਦਿਨ ਬਣਦੇ ਹਨ।



# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.) ਦੀ ਮਾਸਿਕ ਇਕੱਤਰਤਾ ਅਤੇ ਕਵੀ ਦਰਬਾਰ

ਜਾਬੀ ਸਾਹਿਤ ਸਭਾ ਕੈਲੇਫੋਰਨੀਆ(ਰਜਿ.) ਦੀ ਮਾਸਿਕ ਇਕੱਤਰਤਾ ਅਤੇ ਕਵੀ ਦਰਬਾਰ, ਮਾਊਂਟੇਨ ਮਾਈਕ ਪੀਜਾ- 5640 ਔਬਰਨ ਬੁਲੇਵਾਰਡ ਸੈਕਰਾਮੈਂਟੋ ਵਿਖੇ ਹੋਇਆ! ਬੰਦੀ ਛੋੜ ਦਿਵਸ ਅਤੇ ਦੀਵਾਲੀ ਦੇ ਤਿਉਹਾਰ ਵਾਲੇ ਦਿਵਸ ਤੇ ਪਸਸਕ ਦੀ ਇਸ ਵਿਸ਼ੇਸ਼ ਇਕੱਤਰਤਾ ਵਿੱਚ ਪੰਜਾਬੀ ਰੇਡੀਓ ਅਤੇ ਟੀ ਵੀ ਦੀ ਨੌਰਥ ਅਮੈਰੀਕਾ ਦੀ ਚਰਚਿਤ ਹਸਤੀ ਬਲਜਿੰਦਰ ਕੌਰ ਮੁੱਖ ਮਹਿਮਾਨ ਵਜੋਂ , ਪਸਸਕ ਦੇ ਪ੍ਰਧਾਨ ਇੰਦਰਜੀਤ ਸਿੰਘ ਗਰੇਵਾਲ ਥਰੀਕੇ ਦੀ ਪਲੇਠੀ ਕਾਵਿਕ ਕਿਤਾਬ "ਲਾਹ ਕੇ ਛੱਲਾ" ਲੋਕ ਅਰਪਿਤ ਕਰਨ ਲਈ ਵੈਨਕੂਵਰ ਕੈਨੇਡਾ ਤੋਂ ਉਚੇਚਾ ਪਹੁੰਚੇ!

ਹਾਜਰੀਨ ਮਾਂ ਬੋਲੀ ਪੰਜਾਬੀ ਦੇ ਪਿਆਰਿਆਂ ਦੀ ਮੁੱਢਲੀ ਜਾਣ-ਪਹਿਚਾਣ ਅਤੇ ਖਾਣੇ ਤੋਂ ਤੁਰੰਤ ਬਾਅਦ ਮਹਿਫਲ ਦਾ ਅਗਾਜ ਕਰਨ ਅਤੇ ਸਟੇਜ ਦੀ ਕਾਰਵਾਈ ਨਿਭਾਉਣ ਲਈ ਸਭਾ ਦੀ ਜਿੰਦ ਜਾਨ ਦਿਲ ਨਿੱਜਰ ਨੇ ਸਭ ਤੋਂ ਪਹਿਲਾਂ ਪ੍ਰਧਾਨ ਇੰਦਰਜੀਤ ਗਰੇਵਾਲ,ਰਾਜਵਿੰਦਰ ਗਰੇਵਾਲ, ਬਲਜਿੰਦਰ ਕੌਰ ਅਤੇ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਪ੍ਰਧਾਨਗੀ ਮੰਡਲ ਲਈ ਸੱਦਾ ਦਿੱਤਾ ਅਤੇ ਉਪਰੰਤ ਪ੍ਰਧਾਨ ਗਰੇਵਾਲ ਨੂੰ ਆਏ ਹੋਏ ਹਾਜਰ ਸੱਜਣਾ ਨੂੰ ਜੀ ਆਇਆਂ ਕਹਿਣ ਅਤੇ ਧੰਨਵਾਦ ਕਰਨ ਲਈ ਅਤੇ ਆਪਣੀ ਕਿਤਾਬ ਲਈ ਕੁਝ ਜਾਣਕਾਰੀ ਦੇਣ ਲਈ ਸੱਦਾ ਦਿੱਤਾ! ਗਾਇਕ ਮਨਜੀਤ ਰੱਲ ਨੇ ਆਪਣੀ ਸੁਰੀਲੀ ਅਵਾਜ ਵਿੱਚ ਦੋ ਗੀਤ ਗਾਕੇ ਮਹਿਫਲ ਦਾ ਆਗਾਜ ਕੀਤਾ! ਸਾਰੇ ਹੀ ਬੁਲਾਰਿਆਂ ਨੇ ਆਪੋ ਆਪਣੇ ਵਿਚਾਰਾਂ ਰਾਹੀ "ਲਾਹ ਕੇ ਛੱਲਾ" ਕਿਤਾਬ ਵਾਰੇ ਆਪਣੇ ਕੀਮਤੀ ਸ਼ਬਦਾਂ ਅਤੇ ਆਪੋ ਆਪਣੀਆਂ ਕਵਿਤਾਵਾਂ ਗੀਤਾਂ ਨਾਲ ਸਾਂਝ ਪਾਈ! ਗੁਰਿੰਦਰ ਸੂਰਾਪੁਰੀ ਅਤੇ ਅਰਸ਼ਦੀਪ ਗਰੇਵਾਲ ਨੇ ਫੋਟੋਆਂ ਅਤੇ ਵੀਡੀਓ ਦੀ ਸੇਵਾ ਨਿਭਾਈ! ਮੁੱਖ ਮਹਿਮਾਨ ਬਲਜਿੰਦਰ ਕੌਰ ਜੀ ਦਾ ਰਾਜਵਿੰਦਰ ਕੌਰ ਗਰੇਵਾਲ ਅਤੇ ਜਸਲੀਨ ਕੌਰ ਵਲੋਂ ਸਨਮਾਨ ਕੀਤਾ ਗਿਆ! ਪੰਜਾਬੀ ਮੀਡੀਆ ਵਲੋਂ ਜੋ ਪਸਸਕ ਦੇ ਮਾਣਮੱਤੇ ਮੈਂਬਰ ਵੀ ਹਨ , ਗੁਰਜਤਿੰਦਰ ਰੰਧਾਵਾ ਅਤੇ ਪਰੇਮ ਕੁਮਾਰ ਚੁੰਬਰ ਹਮੇਸ਼ਾ ਦੀ ਤਰਾਂ ਇਸ ਵਾਰ ਵੀ ਹਾਜਰ ਰਹੇ !



ਮਹਿਫਲ ਵਿਚ ਹਾਜਰ ਦਿਲ ਨਿੱਜਰ, ਗੁਰਿੰਦਰ ਸੂਰਾਪੁਰੀ, ਰਾਠੇਸ਼ਵਰ ਸਿੰਘ ਸੂਰਾਪੁਰੀ,ਚਰਨ ਸਿੰਘ ਲੋਹਾਰ, ਮਨਜੀਤ ਰੱਲ,ਗੁਰਦੀਪ ਕੌਰ,ਮਨਰੀਤ ਕੌਰ, ਮਨਜੀਤ ਸੇਖੋਂ, ਜਸਵੰਤ ਸ਼ੀਮਾਰ, ਕਮਲ ਬੰਗਾ,ਮੇਜਰ ਕੁਲਾਰ, ਤਤਿੰਦਰ ਕੌਰ,ਫਕੀਰ ਸਿੰਘ ਮੱਲੀ,ਇੰਦਰਜੀਤ ਗਰੇਵਾਲ, ਜਸਵੰਤ ਸ਼ੀਮਾਰ ਨੇ ਆਪੋ ਆਪਣੀਆਂ ਰਚਨਾਵਾਂ ਨਾਲ ਹਾਜਰੀ ਲਵਾਈ! ਸਰੋਤਿਆਂ ਵਿੱਚ ਦਿਲਬਾਗ ਸਿੰਘ ਅਤੇ ਉਹਨਾਂ ਦੇ ਮਾਤਾ ਜੀ ਅਤੇ ਰਾਜਵਿੰਦਰ ਗਰੇਵਾਲ, ਜਸਲੀਨ ਗਰੇਵਾਲ , ਅਰਸ਼ਦੀਪ ਗਰੇਵਾਲ , ਬਲਜਿੰਦਰ ਕੁਲਾਰ ਮਨਜਿੰਦਰ ਕੁਲਾਰ ਆਦਿ ਨੇ ਹਾਜਰ ਹੋ ਕੇ ਮਹਿਫਲ ਦਾ ਅਨੰਦ ਮਾਣਿਆ!

ਬਹੁਤੇ ਸੱਜਣ ਤਿਉਹਾਰਾਂ ਅਤੇ ਕੈਲੋਫੋਰਨੀਆ ਦੇ ਮਾੜੇ ਮੌਸਮ ਦੇ ਚੱਲਦਿਆਂ ਪਹੁੰਚਣ ਤੋਂ ਅਸਮਰੱਥ ਰਹੇ ! ਬਾਕੀ ਫਿਰ ਵੀ ਇਹ ਮਹਿਫਲ ਆਪਣੇ ਰੰਗਾਂ ਵਿੱਚ ਰੰਗੀ ਇੱਕ ਵੱਖਰਾ ਹੀ ਅਨੰਦਦਾਇਕ ਮਾਹੌਲ ਸਿਰਜ ਗਈ ! ਸਭਾ ਦੇ ਪ੍ਰਧਾਨ ਇੰਦਰਜੀਤ ਗਰੇਵਕਾ ਥਰੀਕੇ ਵਲੋਂ ਸਾਰੇ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ !


**ਇੰਦਰਜੀਤ ਸਿੰਘ ਗਰੇਵਾਲ ਥਰੀਕੇ (ਪ੍ਰਧਾਨ)**
**916-248-1535**
**ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.)**
**ਸੈਕਰਾਮੈਂਟੋ ਕੈਲੇਫੋਰਨੀਆ**


# ਸਭ ਤੋਂ ਵੱਡੀ ਗਲੈਕਸੀ ਦਾ ਲੱਗਿਆ ਪਤਾ, ਹੱਲ ਹੋ ਸਕਦੇ ਹਨ ਬ੍ਰਹਿਮੰਡ ਦੀਆਂ ਭੇਦ

**ਬੋਸਟਨ–** ਖਗੋਲਵਿਦਾਂ ਨੇ ਪੁਲਾੜ 'ਚ ਇਕ ਅਜਿਹੀ ਅਕਾਸ਼ਗੰਗਾ ਦਾ ਪਤਾ ਲਗਾਇਆ ਹੈ ਜੋ ਬ੍ਰਹਿਮੰਡੀਯ ਧੂੜ ਦੇ ਬੱਦਲਾਂ ਓਹਲੇ ਲੁਕੀ ਹੁੰਦੀ ਹੈ ਤੇ ਮੰਨਿਆ ਜਾ ਰਿਹਾ ਹੈ ਕਿ ਇਹ ਅਕਾਸ਼ਗੰਗਾ ਸ਼ੁਰੂਆਤੀ ਬ੍ਰਹਿਮੰਡ ਤੋਂ ਵੀ ਪੁਰਾਣੀ ਹੈ। ਖਗੋਲਵਿਦਾਂ ਦਾ ਦਾਅਵਾ ਹੈ ਕਿ ਇਹ ਹੁਣ ਤਕ ਦੀਆਂ ਲੱਭੀਆਂ ਗਈਆਂ ਗਲੈਕਸੀਜ਼ 'ਚੋਂ ਸਭ ਤੋਂ ਵੱਡੀ ਹੈ। ਇਹ ਖੋਜ ਨਵੀਂ ਅਕਾਸ਼ਗੰਗਾ ਦਾ ਪਤਾ ਲਗਾਉਣ ਲਈ ਖਗੋਲ ਵਿਗਿਆਨੀਆਂ ਨੂੰ ਉਤਸ਼ਾਹਤ ਕਰ ਸਕਦੀ ਹੈ।

### ਅਲਮਾ 66 ਰੇਡੀਓ ਦੂਰਬੀਨਾਂ ਦਾ ਸੰਗ੍ਰਹਿ

ਅਮਰੀਕਾ ਦੀ ਮੈਸਾਚੂਸੈਟਸ ਯੂਨੀਵਰਸਿਟੀ ਦੇ ਖੋਜੀਆਂ ਨੇ ਕਿਹਾ, 'ਇਹ ਖੋਜ ਸਾਨੂੰ ਬ੍ਰਹਿਮੰਡ ਦੀਆਂ ਕੁਝ ਸਭ ਤੋਂ ਵੱਡੀਆਂ ਅਕਾਸ਼ਗੰਗਾਵਾਂ ਦੇ ਸ਼ੁਰੂਆਤੀ ਦੌਰ ਬਾਰੇ ਨਵੀ ਜਾਣਕਾਰੀ ਦਿੰਦੀ ਹੈ। ਨਾਲ ਹੀ ਇਨ੍ਹਾਂ ਬਾਰੇ ਇਕ ਨਵਾਂ ਨਜ਼ਰੀਆ ਪੇਸ਼ ਕਰਦੀ ਹੈ।'

ਆਸਟ੍ਰੇਲੀਆ ਦੀ ਸਵਾਈਨਬਰਨ ਤਕਨੀਕੀ ਯੂਨੀਵਰਸਿਟੀ ਦੇ ਖੋਜੀਆਂ ਤੇ ਇਸ ਅਧਿਐਨ ਦੇ ਸਹਿ-ਲੇਖਕ ਇਵੋ ਲਾਬੇ ਨੇ ਕਿਹਾ, 'ਇਹ ਇਕ ਵੱਡਅਕਾਰੀ ਅਕਾਸ਼ਗੰਗਾ ਹੈ, ਜਿਸ ਵਿਚ ਲਗਪਗ ਓਨੇ ਹੀ ਤਾਰੇ ਹਨ ਜਿੰਨੇ ਸਾਡੀ ਮਿਲਕੀ-ਵੇਅ 'ਚ ਹਨ, ਪਰ ਇਸ ਵਿਚ ਇਕ ਫ਼ਰਕ ਇਹ ਹੈ ਕਿ ਇਸ ਅਕਾਸ਼ਗੰਗਾ ਦੇ ਤਾਰਿਆਂ ਦੀ ਗਤੀਸ਼ੀਲਤਾ ਸਾਡੀ ਮਿਲਕੀ-ਵੇਅ ਨਾਲੋਂ ਸੌ ਗੁਣਾ ਜ਼ਿਆਦਾ ਹੈ।' ਐਸਟ੍ਰੋਫਿਜੀਕਲ ਜਰਨਲ 'ਚ ਪ੍ਰਕਾਸ਼ਿਤ ਅਧਿਐਨ ਲਈ ਖੋਜੀਆਂ ਨੇ ਅਟਾਕਾਮਾ ਲਾਰਜ ਮਿਲੀਮੀਟਰ ਐਰੇ ਜਾਂ ਅਲਮਾ ਦੀ ਵਰਤੋਂ ਕੀਤੀ। ਅਲਮਾ 66 ਰੇਡੀਓ ਦੂਰਬੀਨਾਂ ਇਕ ਸੰਗ੍ਰਹਿ ਹੈ ਜੋ ਚਿੱਲੀ ਦੇ ਉੱਚੇ ਪਹਾੜਾਂ 'ਚ ਸਥਿਤ ਹੈ।



### ਰਹੱਸਮਈ ਅਕਾਸ਼ਗੰਗਾ

ਇਸ ਅਧਿਐਨ ਦੀ ਮੁੱਖ ਲੇਖਿਕਾ ਕ੍ਰਿਸਟੀਨਾ ਵਿਲੀਅਮਜ਼ ਨੇ ਕਿਹਾ, 'ਇਹ ਰਹੱਸਮਈ ਅਕਾਸ਼ਗੰਗਾ ਹੈ। ਇਸ ਦਾ ਪ੍ਰਕਾਸ਼ ਬਾਕੀਆਂ ਤੋਂ ਬਿਲਕੁਲ ਅਲੱਗ ਹੈ। ਜਦੋਂ ਮੈਂ ਦੇਖਿਆ ਕਿ ਇਹ ਅਕਾਸ਼ਗੰਗਾ ਕਿਸੇ ਹੋਰ ਤਰੰਗ ਦੈਘਰਯ 'ਚ ਦਿਖਾਈ ਨਹੀਂ ਦਿੰਦੀ ਤਾਂ ਇਸ ਪ੍ਰਤੀ ਉਤਸ਼ਾਹ ਹੋਰ ਵਧ ਗਿਆ ਕਿਉਂਕਿ ਇਸ ਦਾ ਮਤਲਬ ਹੈ ਕਿ ਇਹ ਅਕਾਸ਼ਗੰਗਾ ਪੁਲਾੜ 'ਚ ਬਹੁਤ ਦੂਰ ਧੂੜ ਦੇ ਬੱਦਲਾਂ ਓਹਲੇ ਲੁਕੀ ਹੋਈ ਹੈ।'

### ਹੱਲ ਹੋ ਸਕਦੀਆਂ ਹਨ ਬ੍ਰਹਿਮੰਡ ਦੀਆਂ ਪਹੇਲੀਆਂ

ਖੋਜੀਆਂ ਮੁਤਾਬਿਕ, ਇਸ ਦਾ ਸਿਗਨਲ ਇੰਨੀ ਦੂਰੋਂ ਆਇਆ ਸੀ ਕਿ ਧਰਤੀ ਤਕ ਪਹੁੰਚਣ 'ਚ ਲਗਪਗ 1.25 ਕਰੋੜ ਸਾਲ ਲੱਗ ਗਏ। ਖਗੋਲਵਿਦਾਂ ਦਾ ਮੰਨਣਾ ਹੈ ਕਿ ਇਹ ਖੋਜ ਖਗੋਲ ਵਿਗਿਆਨ 'ਚ ਲੰਬੇ ਸਮੇਂ ਤੋਂ ਚੱਲ ਰਹੀਆਂ ਪਹੇਲੀਆਂ ਨੂੰ ਹੱਲ ਕਰ ਸਕਦੀ ਹੈ ਕਿ ਮੁਢਲੇ ਬ੍ਰਹਿਮੰਡ 'ਚ ਸਭ ਤੋਂ ਵੱਡੀਆਂ ਅਕਾਸ਼ਗੰਗਾਵਾਂ 'ਚੋਂ ਕੁਝ ਵੱਡੀਆਂ ਕਿਵੇਂ ਦਿਖਾਈ ਦਿੰਦੀਆਂ ਹਨ ਤੇ ਸਿਧਾਂਤਕ ਰੂਪ 'ਚ ਇਹ ਬਹੁਤ ਦੂਰ ਜਲਦੀ ਕਿਵੇਂ ਪਰਿਪੱਕ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ ਇਹ ਵੀ ਪਤਾ ਲੱਗ ਸਕਦਾ ਹੈ ਕਿ ਹਬਲ ਸਪੇਸ ਟੈਲੀਸਕੋਪ ਰਾਹੀਂ ਦੇਖੀਆਂ ਜਾਣ ਵਾਲੀਆਂ ਛੋਟੀਆਂ ਅਕਾਸ਼ਗੰਗਾਵਾਂ ਤੇਜ਼ੀ ਨਾਲ ਕਿਉਂ ਨਹੀਂ ਵਧ ਰਹੀਆਂ ਹਨ?

### ਭਾਰਤੀ ਟੈਲੀਸਕੋਪ ਨੇ ਲੱਭੀ ਸੀ ਅਕਾਸ਼ਗੰਗਾ

ਇਸ ਤੋਂ ਪਹਿਲਾਂ ਖਗੋਲ ਵਿਗਿਆਨੀਆਂ ਨੇ ਇਕ ਭਾਰਤੀ ਟੈਲੀਸਕੋਪ ਦੀ ਮਦਦ ਨਾਲ ਬ੍ਰਹਿਮੰਡ 'ਚ ਹੁਣ ਤਕ ਦੀ ਸਭ ਤੋਂ ਦੂਰ ਸਥਿਤ ਅਕਾਸ਼ਗੰਗਾ ਦੀ ਖੋਜ ਕੀਤੀ ਸੀ। ਪੁਣੇ ਸਥਿਤ ਗੇਂਟ ਮੀਟਰ-ਵੈਂਬ ਰੇਡੀਓ ਟੈਲੀਸਕੋਪ ਰਾਹੀਂ ਲੱਭੀ ਗਈ ਇਹ ਅਕਾਸ਼ਗੰਗਾ ਉਸ ਦੌਰ ਦੀ ਦੱਸੀ ਗਈ ਸੀ, ਜਦੋਂ ਬ੍ਰਹਿਮੰਡ ਦੀ ਉਤਪਤੀ ਨੂੰ ਜ਼ਿਆਦਾ ਸਮਾਂ ਨਹੀਂ ਹੋਇਆ ਸੀ।

ਇਸ ਅਕਾਸ਼ਗੰਗਾ ਦੀ ਦੂਰੀ ਜੈਮਿਨੀ ਨਾਰਥ ਟੈਲੀਸਕਾਪ ਤੇ ਲਾਰਜ ਬਾਈਨੋਕਿਊਲਰ ਟੈਲੀਸਕੋਪ ਦੀ ਮਦਦ ਨਾਲ ਨਿਰਧਾਰਤ ਕੀਤੀ ਗਈ ਸੀ। ਰਾਇਲ ਐਸਟ੍ਰੋਨਾਮੀਕਲ ਸੁਸਾਇਟੀ ਜਨਰਲ ਅਨੁਸਾਰ ਇਹ ਅਕਾਸ਼ਗੰਗਾ ਉਸ ਸਮੇਂ ਦੀ ਹੈ ਜਦੋਂ ਬ੍ਰਹਿਮੰਡ ਦੀ ਉਤਪਤੀ ਨੂੰ ਮਹਿਜ਼ ਇਕ ਅਰਬ ਸਾਲ ਹੋਏ ਸਨ।

# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਦੀ ਵਾਰਸ਼ਿਕ ਗਲੋਬਲ ਸਾਹਿਤਕ ਕਾਨਫਰੰਸ ਗੁਰੂ ਨਾਨਕ ਦੇਵ ਜੀ ਦੇ 550ਵੇਂ ਸ਼ੁੱਭ ਆਗਮਨ ਨੂੰ ਸਮਰਪਿਤ

**ਫਰੀਮਾਂਟ –** ਬੀਤੇ ਦਿਨੀਂ ਗੋਲਡਨ ਇੰਡੀਆ ਕੁਜ਼ੀਨ, ਫਰੀਮਾਂਟ ਕੈਲੀਫੋਰਨੀਆ ਵਿਖੇ ਵਿਪਸਾ ਵਲੋਂ ਕਰਾਈ ਗਈ 'ਵਾਰਸ਼ਿਕ ਗਲੋਬਲ ਸਾਹਿਤਕ ਕਾਨਫਰੰਸ' ਆਪਣੇ ਆਪ ਵਿਚ ਇਕ ਮਿਸਾਲੀਆ ਕਾਨਫਰੰਸ ਹੋ ਨਿੱਬੜੀ, ਜਿਸ ਵਿਚ ਭਾਰਤ, ਕੈਨੇਡਾ ਅਤੇ ਯੂ.ਐਸ.ਏ ਦੀਆਂ ਨਾਮਵਰ ਸਾਹਿਤਕ ਸ਼ਖ਼ਸੀਅਤਾਂ ਨੇ ਭਾਗ ਲਿਆ। ਇਸ ਕਾਨਫਰੰਸ ਦੇ ਪੰਜ ਵੱਖੋ ਵਖਰੇ ਮਹੱਤਵਪੂਨ ਸੈਸ਼ਨ ਹੋਏ ਜਿਸ ਦੇ ਅੰਤ ਵਿਚ, 'ਸੰਦਲੀ ਸੰਗੀਤਕ ਸ਼ਾਮ' ਨੇ ਇਕ ਨਿਰਾਲਾ ਸੁਰਮਈ ਰੰਗ ਬਖੇਰ ਦਿੱਤਾ। ਪਹਿਲੇ ਸੈਸ਼ਨ ਦੀ ਮਹੱਤਤਾ ਇਸ ਵਿਚ ਨਿਹੱਤ ਰਹੀ ਕਿ ਇਹ ਗੁਰੁ ਨਾਨਕ ਦੇਵ ਜੀ ਦੇ 550ਵੇਂ ਸ਼ੁੱਭ ਆਗਮਨ ਨੂੰ ਸਮਰਪਿਤ ਹੋਇਆ।ਇਸ ਦਾ ਆਰੰਭ ਸੁਖਦੇਵ ਸਾਹਿਲ ਦੀ ਜਾਦੂਈ ਆਵਾਜ਼ ਅਤੇ ਸੁਰ ਤਾਲ ਦੇ ਸੰਗਮ ਵਿਚ ਸ਼ਬਦ, 'ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥' ਪੂਰੀ ਮਰਿਆਦਾ ਅਤੇ ਅਹਿਤਰਾਮ ਨਾਲ ਸੰਪਨ ਹੋਇਆ।ਇਸ ਤੋਂ ਅਗਲੀ ਪੇਸ਼ਕਸ਼ ਵਿਚ ਪ੍ਰੋ. ਰਵਿੰਦਰ ਢਿੱਲੋਂ ਨੇ ਜੰਮੂ-ਯੂਨੀ-ਵਰਸਿਟੀ ਦੇ ਪੰਜਾਬੀ ਵਿਭਾਗ ਦੀ ਹੈਡ, ਡਾ. ਬਲਜੀਤ ਕੌਰ ਵਲੋਂ ਲਿਖੇ ਅਤੇ ਭੇਜੇ ਗਏ ਪਰਚੇ ਦਾ ਪਾਠ ਕੀਤਾ।ਉਹਨਾਂ ਨੇ ਇਹ ਪਰਚਾ ਕੈਲੀਫੋਰਨੀਆ ਦੇ ਸੁਪ੍ਰਸਿੱਧ ਨਾਟਕਕਾਰ ਸ. ਸੁਰਿੰਦਰ ਸਿੰਘ ਧਨੋਆ ਵਲੋਂ ਲਿਖੇ ਗਏ ਅਤੇ ਨਿਕਟ ਭਵਿੱਖ ਵਿਚ ਖੇਡੇ ਜਾ ਰਹੇ ਨਾਟਕ, 'ਮਿਟੀ ਧੁੰਦ ਜਗ ਚਾਨਣ ਹੋਆ' ਦੇ ਸੰਦਰਭ ਵਿਚ ਲਿਖਿਆ ਹੈ। ਇਸ ਪਰਚੇ ਅਤੇ ਗੁਰੂ ਨਾਨਕ ਦੇਵ ਜੀ ਦੇ ਸ਼ਤਾਬਦੀ ਸਮਰਪਣ ਨੂੰ ਜਿਸ ਵਿਲੱਖਣ ਢੰਗ ਨਾਲ ਅਕੈਡਮੀ ਨੇ ਪ੍ਰਸਤੁਤ ਕੀਤਾ, ਧਨੋਆ ਜੀ ਨੇ ਉਸ ਦੀ ਸ਼ਲਾਘਾ ਕੀਤੀ। ਉਹਨਾਂ ਨੇ ਆਪਣੇ ਨਾਟਕ ਬਾਰੇ ਵੀ ਚਾਨਣ ਪਾਇਆ। ਉਹਨਾਂ ਦਾ ਇਹ ਨਾਟਕ ਇਸ ਸੰਜੀਦਗੀ ਵਲ ਸੰਕੇਤ ਕਰਦਾ ਹੈ ਕਿ ਜੇ ਗੁਰੂ ਨਾਨਕ ਦੇਵ ਜੀ ਅੱਜ ਅਸਾਡੇ ਦਰਮਿਆਨ ਆ ਜਾਣ ਤਾਂ ਕਿੰਞ ਵਿਚਰਨਗੇ? ਨਾਟਕ ਪ੍ਰਤੀ ਵਿਲੱਖਣਤਾ ਦਾ ਜ਼ਿਕਰ ਕਰਦਿਆਂ ਧਨੋਆ ਜੀ ਨੇ ਕਿਹਾ ਕਿ ਇਸ ਨਾਟਕ ਵਿਚ ਗੁਰੂ ਸਾਹਿਬ ਦੀ ਪਾਤਰ ਉਸਾਰੀ ਇਸ ਤਕਨੀਕ ਨਾਲ ਕੀਤੀ ਗਈ ਹੈ ਕਿ ਉਹਨਾਂ ਨੂੰ ਭਾਵੇਂ ਸਾਖਿਆਤ ਰੂਪ ਵਿਚ ਵੇਖਿਆ ਨਹੀਂ ਜਾ ਸਕਦਾ ਪਰ ਉਹਨਾਂ ਦੀ ਉਪਸਥਿਤੀ ਦਾ ਅਨੁਭਵ ਨਾਲ ਨਾਲ ਹੁੰਦਾ ਵੇਖਿਆ ਜਾ ਸਕਦਾ ਹੈ। ਇਸ ਮਗਰੋਂ ਪ੍ਰੋੜ ਅਤੇ ਨਾਮਵਰ ਸ਼ਾਇਰਾ ਸੁਰਜੀਤ ਸਖੀ ਦੀ ਗੁਰੂ ਨਾਨਕ ਦੇਵ ਜੀ ਦੀ ਮਹੱਤਤਾ ਨੂੰ ਸਿਰ ਨਿਵਾਂਉਦੀ ਕਵਿਤਾ, 'ਚੇਤਨ ਵਿਚ ਅਵਚੇਤਨ ਹੋ ਕੇ ਗੁਝੀਆਂ ਰਮਜ਼ਾਂ ਟੋਹੀਦਾ।। ਸੁਰ ਤੇ ਸ਼ਬਦ ਸੁਮੇਲ ਅਲੌਕਿਕ/ ਰੋਹੀ ਤੇ ਅਵਰੋਹੀ ਦਾ' ਦਾ ਗਾਇਨ ਬੀਬੀ ਰਣਜੀਤ ਕੌਰ ਨੇ ਬਿਰਤੀ, ਅਕੀਦਤ ਅਤੇ ਸੰਜਮ ਭਰਪੂਰ ਗਾਇਕੀ ਨਾਲ ਸਾਰੇ ਮਾਹੌਲ ਵਿਚ ਇਲਾਹੀ ਰੰਗ ਭਰ ਦਿੱਤਾ।ਸੈਸ਼ਨ ਦਾ ਸੰਚਾਲਨ ਕਰ ਰਹੀ ਲਾਜ ਨੀਲਮ ਸੈਣੀ ਨੇ ਗੁਰੁ ਨਾਨਕ ਦੇਵ ਯੂਨੀਵਰਸਿਟੀ ਵਿਚ 40 ਸਾਲਾਂ ਤੱਕ 'ਸਕੂਲ ਆਫ ਪੰਜਾਬੀ ਟੱਡੀਜ਼, ਗੁਰੁ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ' ਦੇ ਹੈਡ ਅਤੇ ਡੀਨ ਰਹਿ ਚੁਕੇ ਪ੍ਰੋਫੈਸਰ ਡਾ. ਸੁਖਦੇਵ ਸਿੰਘ ਖਾਹਰਾ ਜੋ ਇਸ ਕਾਨਫਰੰਸ ਦੇ ਮੁੱਖ ਮਹਿਮਾਨ ਸਨ, ਦੀ ਜਾਣ ਪਛਾਣ ਕਰਾਉਣ ਉਪਰੰਤ ਉਹਨਾਂ ਨੂੰ ਇਸ ਸੈਸ਼ਨ ਦੇ ਨਿਸ਼ਕਾਸ਼ਿਤ ਸ਼ਬਦ ਕਹਿਣ ਲਈ ਆਮੰਤ੍ਰਿਤ ਕੀਤਾ। ਆਪਣੇ ਸੰਬੋਧਨ ਵਿਚ ਉਹਨਾਂ ਨੇ ਜਿੱਥੇ ਇਸ ਸੈਸ਼ਨ ਨੂੰ ਇਕ ਵਿਲੱਖਣ ਢੰਗ ਨਾਲ ਪ੍ਰਸਤੁੱਤ ਕਰਨ ਲਈ ਅਕੈਡਮੀ ਦੀ ਪ੍ਰਸੰਸਾ ਕੀਤੀ, ਉੱਥੇ ਹੀ ਗੁਰੁ ਨਾਨਕ ਦੇਵ ਜੀ ਦੀ ਗਲੋਬਲ ਪਰਸੰਗ ਵਿਚ ਮਹੱਤਤਾ ਨੂੰ ਦਰਸਾਇਆ। ਉਹਨਾਂ ਨੇ ਗੁਰੂ ਸਾਹਿਬ ਵਲੋਂ ਬਾਣੀ ਨੂੰ ਰਾਗਾਂ ਵਿਚ ਲਿਖ ਕੇ ਸ਼ਬਦ ਅਤੇ ਸੁਰਤਾਲ ਵਿਚ ਸਿਰਜੇ ਕੀਰਤਨ ਦੀ ਵਡਿਆਈ ਦਾ ਵਰਣਨ ਕੀਤਾ।ਗੁਰੂ ਸਾਹਿਬ ਜਿੱਥੇ ਰੱਬ ਦੀ ਉਸਤੱਤ ਇਕ ਆਕਾਰ ਰਹਿਤ, ਸਰਬ ਵਿਆਪੀ, ਜਿਸ ਦਾ ਨਾ ਆਦਿ ਹੈ ਅਤੇ ਨਾ ਹੀ ਅੰਤ, ਜੋ ਹਰ ਜੀਵ ਵਿਚ ਉਪਸਥਿੱਤ ਹੈ, ਜੋ ਕੇਵਲ, 'ਸ਼ਬਦ' ਹੈ, ਵਾਹਿਗੁਰੂ ਹੈ, ਸਤਿਨਾਮ ਹੈ, ਰਾਹੀਂ ਸਾਡਾ ਮਾਰਗ ਦਰਸ਼ਨ ਕਰਦੇ ਹਨ ਉੱਥੇ ਆਪ ਨੇ ਇਕ ਕ੍ਰਾਂਤੀਕਾਰੀ, ਇਕ ਇਨਕਲਾਬੀ ਉੱਤਮ ਪੁਰਸ਼ ਦੀ ਭੂਮਿਕਾ ਵੀ ਨਿਭਾਈ ਹੈ, ਜੋ ਕਰਮ ਕਰ, ਵੰਡ ਛੱਕ ਅਤੇ ਵਾਹਿਗੁਰੂ ਨਾਮ ਜੱਪ ਵਿਚ ਮਨੁੱਖੀ ਜੀਵਨ ਜੀਣ ਦਾ ਆਦੇਸ਼ ਦੇਂਦੇ ਹਨ, ਉਹਨਾਂ ਦੀ ਵਡਿਆਈ ਨੂੰ ਨਮਨ ਹੈ।

ਕਾਨਫਰੰਸ ਦਾ ਦੂਜਾ ਸੈਸ਼ਨ, 'ਅਮਰੀਕੀ ਪੰਜਾਬੀ ਕਵਿਤਾ-ਭਾਗ ਦੂਜਾ' ਅਤੇ ਤੀਜਾ ਸੈਸ਼ਨ,' ਮਿੰਨੀ ਕਹਾਣੀ ਗੋਸ਼ਟੀ' ਪ੍ਰਤੀ ਰਿਪੋਰਟ ਅਗਲੇ ਹਫਤੇ ਅਤੇ ਚੌਥਾ ਸੈਸ਼ਨ, 'ਵਿਸ਼ਾਲ ਕਵੀ ਦਰਬਾਰ', ਪੰਜਵਾਂ ਸੈਸ਼ਨ, 'ਮਾਣ ਸਨਮਾਨ ਤੇ ਵਿਦਾਇਗੀ' ਅਤੇ , 'ਸੰਦਲੀ ਸੰਗੀਤਕ ਸ਼ਾਮ' ਦੀ ਜਾਣਕਾਰੀ ਰਿਪੋਰਟ ਮਗਰਲੇ ਹਫਤੇ ਸਾਂਝਿਆਂ ਕਰਨ ਲਈ ਵਚਨ ਬੱਧ ਰਹਾਂਗੇ।












# ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਭਾਈ ਮਰਦਾਨਾ ਜੀ ਨੂੰ ਵੀ ਨਾਲ ਯਾਦ ਕੀਤਾ ਜਾਵੇ - ਢਾਡੀ ਦਿਲਬਰ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਦੁਨੀਆ ਦਾ ਹਰ ਕੋਨਾ ਜਿਥੇ ਵੀ ਗੁਰੂ ਨਾਨਕ ਦਾ ਸਾਹੀ ਝੰਡਾ ਝੂਲ ਰਿਹਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾਂ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਨਾਲ ਮਨਾ ਰਹੇ ਹਾਂ । ਕਾਸ਼ ਗੁਰੂ ਨਾਨਕ ਸਾਹਿਬ ਜੀ ਦੇ ਸੰਗੀ ਸਾਥੀ ਸੰਗੀਤ ਦੀ ਮੁਹਾਰਤ ਰੱਖਣ ਵਾਲੇ ਬਿਖਰੇ ਪੈਂਡੇ ਲੰਬੀਆਂ ਰਾਹਾਂ ਦੀਆਂ ਤਕਲੀਫ ਦੇਹ ਚੁਣੌਤੀਆਂ ਨੂੰ ਝੱਲਣ ਵਾਲੇ ਭਾਈ ਮਰਦਾਨਾ ਜੀ ਨੂੰ ਵੀ ਨਾਲ ਯਾਦ ਕੀਤਾ ਜਾਂਦਾ, ਇਹ ਵਿਚਾਰ ਸ੍ਰੀ ਗੁਰੂ ਹਰਗੋਬਿੰਦ ਢਾਡੀ ਸਭਾ ਦੇ ਕੌਮੀ ਪ੍ਰਧਾਨ ਢਾਡੀ ਕੁਲਜੀਤ ਸਿੰਘ ਦਿਲਬਰ ਨੇ ਪਤਰਕਾਰ ਨਾਲ ਸਾਂਝੇ ਕਰਦੇ ਹੋਏ ਕਹੇ ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਤੋਂ ਦਸ ਸਾਲ ਵਡੇ ਸਨ 47 ਸਾਲ ਨਾਲ ਰਹਿ ਕੇ ਸਿੱਖੀ ਦੀ ਸੇਵਾ ਕੀਤੀ ਗੁਰੂ ਨਾਨਕ ਸਾਹਿਬ ਤੇ ਭਾਈ ਮਰਦਾਨਾ ਜੀ ਨੇ ਢਾਡੀ ਬਣ ਕੇ ਅਕਾਲਪੁਰਖ ਦੇ ਰੱਜ ਕੇ ਸੋਹਲੇ ਗਾਏਗੁਰੂ ਨਾਨਕ ਸਾਹਿਬ ਨੇ ਆਪਣੇ ਅਰਸ਼ੀ ਸਾਥੀ ਦੇ ਤਿਆਗ ਅਤੇ ਸਿਦਕ ਦਾ ਮੁੱਲ ਅਦਾ ਕਰ ਕੇ ਓਹਨਾ ਦੇ ਤਿੰਨ ਸਲੋਕਾਂ ਨੂੰ ਬਾਣੀ ਦੇ ਰੂਪ ਵਿਚ ਦਰਜ਼ ਕਰ ਕੇ ਓਹਨੂੰ ਬ੍ਰਹਮੀ ਪੁਰਖ ਬਣਾ ਦਿੱਤਾਇੰਞ ਲਗਦਾ ਜਿਵੇ ਗੁਰੂ ਨਾਨਕ ਸਾਹਿਬ ਨੇ ਆਪਣੇ ਸੰਗੀ ਸਾਥੀ ਤੇ ਬਹੁਤ ਉੱਚਤਾ ਦੀ ਬਖਸ਼ਿਸ਼ ਕੀਤੀ ਪਰ ਅਸੀਂ ਭਾਈ ਮਰਦਾਨਾ ਨੂੰ ਕੋਈ ਉੱਚ ਸਥਾਨ ਨਹੀਂ ਦੇ ਸਕੇ ਚੰਗਾ ਹੋਵੇ ਉਸ ਧਨਤਾ ਦੇ ਯੋਗ ਨੇਕ ਬਖਤ ਭਾਈ ਮਰਦਾਨਾ ਜੀ ਨੂੰ ਵੀ ਯਾਦ ਕਰ ਕੇ ਮਜ਼ਬੀ ਵਿਤਕਰਿਆਂ ਤੋਂ ਉੱਪਰ ਉੱਠ ਕੇ ਕੋਈ ਕੁਲ ਆਲਮ ਨੂੰ ਪੈਗਾਮ ਦੇ ਸਕੀਏ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

SUNSHINE AUTO CARE INC.
DBA
PHILLIPS AUTO CARE

Auto Services:
* Oil Change Services
* Fectory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

Trucks & Trailers Services:
* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding




ਅਸੀਂ ਕਸਟਮਰ ਨੂੰ ਪਿਕ ਅਪ ਅਤੇ ਡਰਾਪ ਵੀ ਕਰਦੇ ਹਾਂ
ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ
hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

ACCEPTED HERE
Com-Check
T-Check
EFS Check

We Provide All Autos, Trucks & Trailers Repair





Contact: Deep Suman: (408) 561-1846, (209) 239-1551 (24/7 Available)
Address: 1003 Moffat Blvd, Manteca CA 95336

# ਜੁੱਗੋ ਜੁੱਗ ਅਟਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ, ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ, ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਖੁਸ਼ੀ ਵਿਚ ਕੁੱਲ ਲੋਕਾਈ ਨੂੰ ਲੱਖ-ਲੱਖ ਵਧਾਈਆਂ








P. S. Kahlon, M.S. Bath, A.S. Bath, R.S. Saini, S. Thath, C.S. Virk



Kenny Virk & Kulwant Atwal








K. S. Atwal, P. S. Kahlon, M.S. Bath, R.S. Saini, A.S. Bath, Kenny Virk, S. Thath, C.S. Virk, D. S. Mundi-G. S. Basra-H. S. Sheikhon

# Sri Guru Ravidass Temple, Pittsburg California

DIWALI was celebrated in Sri Guru Ravidass Temple, Pittsburg on Subdat, October 27, 2919. After Sukhmani Sahib path Giani Gurnam Singh, Giani Ompal Singh and Giani Harjinder Singh Rasia delighted Sangat with melodious Kirtan. Guru Ka Langar was served continuously from 5:00 PM to 10:30 PM. This Langar Sewa was hosted by Ramesh Suman, Gyan Suman and family. Sukhwinder Singh of Chicago Pizza server Pizza Langar.Sangat enjoyed Guru K Kirtan and festivities. Due to strong gusty winds and high fire danger candles and Diya were not lit outside. Diwali celebrations of this Gurughar is becoming really popular. We are noticing more and more devotees coming to pray on this day. May Waheguru shower HIS blessings on entire Sangat.

We wish everyone a very happy and prosperous new year.























# KB USED AUTO SALES

**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust






**ਜੁੱਗੋ ਜੁੱਗ ਅਟਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ, ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ, ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਖੁਸ਼ੀ ਵਿਚ ਕੁੱਲ ਲੋਕਾਈ ਨੂੰ ਲੱਖ-ਲੱਖ ਵਧਾਈਆਂ**



ਤੀਰਥ ਸਿੰਘ ਸੋਹਲ

## ਆਓ ਆਪਾਂ ਸਾਰੇ ਰਲ- ਮਿਲ ਕੇ ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਦੀਆਂ ਰੌਣਕਾਂ ਵਧਾਈਏ


# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop

ਜੁੱਗੋ ਜੁੱਗੋ ਅਟੱਲ ਧੰਨ ਧੰਨ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ 40ਵੇਂ ਨਗਰ ਕੀਰਤਨ ਯੂਬਾ ਸਿਟੀ
ਅਤੇ ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ 550ਵੇਂ ਜਨਮ ਦਿਹਾੜੇ ਦੀਆ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ



SANTOKH SINGH GILL & FAMILY

Financial Professional CA License:0M35312. World Financial Grup (WFG).

We Provide:- College Plan, Retirement Plan, Long Term Care, Life Insurances, Funereal Plan, Estate Plan etc

Contact:
530-740-3056
Email: Santokhgillwfg@gmail.com

OFfice:
9355 E, Stockton Blvd
#230Elk Grove, CA 95624





ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਆ
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

ਜੁੱਗੋ ਜੁੱਗ ਅਟਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ, ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਖੁਸ਼ੀ ਵਿਚ ਕੁੱਲ ਲੋਕਾਈ ਨੂੰ ਲੱਖ-ਲੱਖ ਵਧਾਈਆਂ

A & S Auto Repair & Services
Specializing in Brakes & Axles

ਬਰੇਕ ਅਤੇ ਐਕਸਲ ਰਿਪੇਅਰ ਅਤੇ ਸਰਵਿਸ ਕਰਨ ਦੇ ਮਾਹਿਰ
ਸਭ ਕਾਰਾਂ ਲਈ ਤੇਲ ਸਰਵਿਸ ਦੇ ਨਾਲ ਮੁਫਤ ਟਾਇਰ ਰੋਟੇਸਨ ਅਤੇ ਇੰਸਪੈਕਸ਼ਨ

10% of any repair of $ $75.00 or More

Free Tire Rotation and Brake Inspection with purchase of Oil Service for most cars



Diagnose check Engine light pre-buyers inspection tune-ups and more


Dealer Recommended Service Shocks/Struts A/C Servics

Ph: 916-238-4431
649 W. Elkhorn Blvd. Suite B2
Rio Linda, CA 95673

9:00 AM to 6:00 PM Mon-Sat



Amarjit Sandhu





# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ

ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੀ, ਕਰਤਾਰਪੁਰ ਸਾਹਿਬ ਜੀ ਦਾ ਲਾਂਘਾ ਖੁੱਲ੍ਹਣ, ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਅਤੇ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ ਦੀ ਕੁੱਲ ਲੁਕਾਈ ਨੂੰ ਲੱਖ-ਲੱਖ ਵਧਾਈ



## ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਅਹੁਦੇਦਾਰ

ਸੰਪਰਕ ਕਰੋ- ਪ੍ਰੇਮ ਸੌਂਧੀ (530-813-3877), ਸੰਤੋਖ ਸਿੰਘ ਗਿੱਲ (530-740-3056), ਵਿਸ਼ਾਲ ਸ਼ਰਬਤੀ (530-933-5915), ਬਲਵੀਰ ਥਾਪਰ (916-607-4650), ਬਲਵੀਰ ਧਾਰੀਵਾਲ (916-243-9017), ਵਿਨੋਦ ਗਿੱਲ 530-218-3969

**ਮਹਾਂਰਿਸ਼ੀ ਵਾਲਮੀਕ ਟੈਂਪਲ, 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991**






ਸੰਤ ਜਰਨੈਲ ਸਿੰਘ ਭਿੰਡਰਾਂਵਾਲੇ

GOD IS MY SAVIOUR
ਅਕਾਲ ਸਹਾਇ
SINGH THIARA ELECTRIC MOTOR
ਸਿੰਘ ਥਿਆੜਾ ਇਲੈਕਟਰਿਕ ਮੋਟਰ


ਜਨਰਲ ਸੁਬੇਗ ਸਿੰਘ

ਜੁੱਗੋ ਜੁੱਗ ਅਟਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ, ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ, ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਖੁਸ਼ੀ ਵਿਚ ਕੁੱਲ ਲੋਕਾਈ ਨੂੰ ਲੱਖ-ਲੱਖ ਵਧਾਈਆਂ


ਜਥੇਦਾਰ ਸ. ਰਾਮ ਸਿੰਘ ਥਿਆੜਾ (ਬੱਬਰ ਅਕਾਲੀ) 15 ਜੂਨ 1980 ਨੂੰ ਦਲ ਖਾਲਸਾ ਦੇ ਨੌਜਵਾਨਾਂ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੀ ਇਕ ਇਤਿਹਾਸਕ ਯਾਦਗਾਰ ਤਸਵੀਰ।


ਸ. ਹਰਦਿਆਲ ਸਿੰਘ ਥਿਆੜਾ (ਵਿਚਕਾਰ) ਆਪਣੇ ਸਪੁੱਤਰ ਸ. ਜਤਿੰਦਰ ਸਿੰਘ ਥਿਆੜਾ ਅਤੇ ਪੋਤਰੇ ਸ. ਦਵਿੰਦਰ ਸਿੰਘ ਥਿਆੜਾ ਨਾਲ

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਆ
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥






**ਜੁੱਗੋ ਜੁੱਗ ਅਟਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ, ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ, ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਖੁਸ਼ੀ ਵਿਚ ਕੁੱਲ ਲੋਕਾਈ ਨੂੰ ਲੱਖ-ਲੱਖ ਵਧਾਈਆਂ**






# ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ (ਯੂ.ਐਸ.ਏ.)

## ਜੁੱਗੋ ਜੁੱਗ ਅਟਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ, ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਖੁਸ਼ੀ ਵਿਚ ਕੁੱਲ ਲੋਕਾਈ ਨੂੰ **ਲੱਖ-ਲੱਖ ਵਧਾਈਆਂ**



















ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗਾਇਕ ਸੱਤੀ ਪਾਬਲਾ ਦੀ ਐਲਬਮ 'ਵਧਾਈਆਂ ਸੰਗਤਾਂ ਨੂੰ' ਬੀਤੇ ਦਿਨੀਂ ਗੋਇਲ ਮਿਊਜ਼ਿਕ ਦੁਆਰਾ ਰਿਲੀਜ਼ ਕੀਤਾ ਗਿਆ। ਇਸ ਐਲਬਮ ਦੇ ਗੀਤ ਸੁਰਿੰਦਰ ਸ਼ੇਰਗਿੱਲ (ਝੰਡਾਲ ਕਲਾਂ) ਨੇ ਲਿਖੇ ਹਨ ਅਤੇ ਸੰਗੀਤ ਚੰਦਨ ਸਿੰਘ (ਯੂ. ਐਸ. ਏ.) ਨੇ ਦਿੱਤਾ ਹੈ। ਇਹ ਐਲਬਮ ਦੀਵਾਲੀ ਵਾਲੇ ਦਿਨ ਗੁਰਦੁਆਰਾ ਸਾਹਿਬ ਸਟਾਕਟਨ (ਕੈਲੇਫੋਰਨੀਆ) ਵਿਖੇ ਰਿਲੀਜ਼ ਕੀਤੀ ਗਈ। ਇਸ ਮੌਕੇ ਭਾਈ ਗੁਰਮੀਤ ਸਿੰਘ, ਅਮਰ ਸਿੰਘ, ਰਵੇਲ ਸਿੰਘ ਦੇ ਰਾਗੀ ਜਥਿਆਂ ਨੇ ਰਸਭਿੰਨਾ ਕੀਰਤਨ ਸਿੰਘ। ਇਸ ਮੌਕੇ ਉਘੇ ਕਮੇਡੀਅਨ ਵੀਨਾ ਸਾਗਰ ਵੀ ਮੌਜੂਦ ਸਨ। ਨਾਮਵਰ ਗਾਇਕ ਅਮਰਜੀਤ ਸਿੰਘ ਲਾਲੀ ਵੀ ਹਾਜ਼ਰ ਸਨ।

**For more information contact: Satti Pabla 925 207 5642, Surinder Shergill 916 642 6344, Chand Singh 209 242 3642**



ਜੁੱਗੋ ਜੁੱਗ ਅਟਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ, ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ, ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਖੁਸ਼ੀ ਵਿਚ ਕੁੱਲ ਲੋਕਾਈ ਨੂੰ **ਲੱਖ-ਲੱਖ ਵਧਾਈਆਂ**




# ਸ. ਕਸ਼ਮੀਰ ਸਿੰਘ ਧੁੱਗਾ
# (ਕੈਸ਼ ਫੈਬਰਿਕਸ)
# ਅਤੇ ਸਮੂਹ ਪਰਿਵਾਰ


Kash
FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਆ
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।।




## ਜੁੱਗੋ ਜੁੱਗ ਅਟਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ, ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ, ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਖੁਸ਼ੀ ਵਿਚ ਕੁੱਲ ਲੋਕਾਈ ਨੂੰ **ਲੱਖ-ਲੱਖ ਵਧਾਈਆਂ**





# ਸ. ਪ੍ਰੀਤਮ ਸਿੰਘ ਗਰੇਵਾਲ ਅਤੇ ਸਮੂਹ ਗਰੇਵਾਲ ਪਰਿਵਾਰ








AAA
AUTO AND BODY WORKS
510- 733- 2222

**ਸ. ਜਸਵੀਰ ਸਿੰਘ ਤੱਖਰ ਅਤੇ ਸਮੂਹ ਤੱਖਰ ਪਰਿਵਾਰ**

ਜੁੱਗੋ ਜੁੱਗ ਅਟਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ, ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ, ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਖੁਸ਼ੀ ਵਿਚ ਕੁੱਲ ਲੋਕਾਈ ਨੂੰ ਲੱਖ-ਲੱਖ ਵਧਾਈਆਂ






ਜੁੱਗੋ ਜੁੱਗ ਅਟਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ, ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ, ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਖੁਸ਼ੀ ਵਿਚ ਕੁੱਲ ਲੋਕਾਈ ਨੂੰ ਲੱਖ-ਲੱਖ ਵਧਾਈਆਂ



**ਸ. ਮਹਿੰਗਾ ਸਿੰਘ ਸੰਧੂ (ਸਰਪੰਚ) ਅਤੇ ਸਮੂਹ ਸੰਧੂ ਪਰਿਵਾਰ**

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਆ
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।।








ਜੁੱਗੋ ਜੁੱਗ ਅਟਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ, ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ, ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਖੁਸ਼ੀ ਵਿਚ ਕੁੱਲ ਲੋਕਾਈ ਨੂੰ ਲੱਖ-ਲੱਖ ਵਧਾਈਆਂ



# ਸਿੱਖ ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ (ਕੈਲੇਫੋਰਨੀਆ)

### 9 ਨਵੰਬਰ 2019 ਨੂੰ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਮੌਕੇ ਪੜ੍ਹਿਆ ਜਾਣ ਵਾਲਾ ਪੇਪਰ

# ਗੁਰੂ ਨਾਨਕ ਬਾਣੀ ਵਿਚ ਸਮਾਜਿਕ ਨਿਆਂ ਤੇ ਬਰਾਬਰੀ ਦੀ ਸੂਝ





ਰੌਣਕੀ ਰਾਮ (ਡਾ.)
ਸ਼ਹੀਦ ਭਗਤ ਸਿੰਘ ਚੇਅਰ ਪ੍ਰੋਫੈਸਰ,
ਰਾਜਨੀਤੀ ਸ਼ਾਸਤਰ ਵਿਭਾਗ,
ਪੰਜਾਬ ਯੂਨੀਵਰਸਿਟੀ ਚੰਡੀਗੜ੍ਹ

ਗੁਰੂ ਨਾਨਕ ਦੀਆਂ ਸਿੱਖਿਆਵਾਂ ਸਮਝਣ ਲਈ ਸਾਨੂੰ ਪ੍ਰਾਚੀਨ ਤੇ ਮੱਧਕਾਲੀ ਭਾਰਤ ਦੇ ਸਾਮਾਜਿਕ, ਆਰਥਿਕ, ਧਾਰਮਿਕ ਤੇ ਰਾਜਨੀਤਿਕ ਸੰਦਰਭਾਂ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਘੋਖਣਾ ਚਾਹੀਦਾਹੈ। ਬਾਬਾ ਨਾਨਕ ਦੇ ਜੀਵਨ ਕਾਲ (1469 ਈ.–1539 ਈ.)ਤੋਂ ਤਕਰੀਬਨ 600 ਸਾਲ ਪਹਿਲਾਂ ਲਗਾਤਾਰ ਬਾਹਰੀ ਹਮਲਿਆਂ ਦਾ ਸਾਹਮਣਾ ਕਰਦਿਆਂ–ਕਰਦਿਆਂ ਭਾਰਤ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਜਾਣ ਲੱਗਾ। ਮੁਹੰਮਦ ਬਿਨ ਕਾਸਿਮ ਦੇ ਹਮਲੇ ਦੌਰਾਨ ਬ੍ਰਾਹਮਣ ਵੰਸ਼ ਦੇ ਰਾਜਾ ਦਾਹਰ ਦੀ ਮੌਤ ਤੋਂ ਬਾਅਦ ਮੁਸਲਿਮ ਹਕੂਮਤ ਦਾ ਦੌਰ ਸ਼ੁਰੂ ਹੁੰਦਾ ਹੈ। ਇਹ ਕਾਲ ਕਾਫ਼ੀ ਲੰਮਾ ਸਮਾਂ ਚਲਦਾ ਹੈ। ਇਸੇ ਦੌਰਾਨ ਬਾਬਾ ਨਾਨਕ ਸੱਚ, ਬਰਾਬਰੀ ਤੇ ਨਿਆਂ 'ਤੇ ਆਧਾਰਿਤ ਨਵੇਂ ਧਰਮ ਦਾ ਮੁੱਢ ਬੰਨ੍ਹਦੇ ਹਨ, ਜੋ ਦਸਵੇਂ ਪਾਤਸ਼ਾਹ ਨੇ ਸ਼੍ਰੀ ਆਦਿ ਗ੍ਰੰਥ ਨੂੰ ਗੁਰਗੱਦੀ ਦੇ ਕੇ ਸੰਪੂਰਣ ਕੀਤਾ।

ਇਥੇ ਇਹ ਕਹਿਣਾ ਅਪ੍ਰਾਸੰਗਿਕ ਨਹੀਂ ਕਿ ਰਾਜਾ ਦਾਹਰ ਤੋਂਕੋਈ 600 ਸਾਲ ਭਾਰਤ ਦੁਨੀਆ ਦੇ ਅਮੀਰ ਦੇਸ਼ਾਂ ਦੀ ਮੋਹਰਲੀ ਕਤਾਰ ਵਿਚ ਖਲੋਤਾ ਦਿਖਾਈ ਦਿੰਦਾ ਹੈ। ਭਾਰਤ ਨੇ ਤਜਾਰਤ ਰਾਹੀਂ ਇਹ ਮੁਕਾਮ ਹਾਸਲ ਕੀਤਾ ਸੀ। ਗਰਮ ਮਸਾਲਿਆਂ ਨੂੰ ਰੋਮ ਤਕ ਪਹੁੰਚਾਉਣ ਤੇ ਉਹਦੇ ਬਦਲੇ ਸੋਨਾ ਪ੍ਰਾਪਤ ਕਰਨਾ ਇਸ ਵਪਾਰ ਦਾ ਮੁੱਖ ਰੂਪ ਸੀ। ਇਹ ਤਜਾਰਤ ਸਮੁੰਦਰੀ ਤੇ ਖ਼ੁਸ਼ਕ ਰਸਤੇ ਰਾਹੀਂ ਹੁੰਦੀ ਸੀ। ਇੰਨੇ ਲੰਮੇ ਸਫ਼ਰ ਦਾ ਵਪਾਰ ਤਕਨੀਕੀ ਮੁਹਾਰਤ ਤੇ ਵਿਗਿਆਨਿਕ ਸੋਚ ਤੋਂ ਬਿਨਾਂ ਸੰਭਵ ਨਹੀਂ ਸੀ ਹੋ ਸਕਦਾ। ਭਾਰਤ ਵਿਚ ਸਮੁੰਦਰੀ ਜਹਾਜ਼ ਬਣਾਉਣ ਦੀ ਮੁਹਾਰਤ ਇਸ ਗੱਲ ਦਾ ਸਬੂਤ ਹੈ। ਇਹ ਗੱਲ ਲੁਕੀ ਹੋਈ ਨਹੀਂ ਕਿ ਭਾਰਤ ਪਾਸ ਕੋਲਾਰ ਵਾਲ਼ੀ ਸੋਨੇ ਦੀ ਕੇਵਲ ਇੱਕੋ ਖਾਣ ਸੀ, ਪਰ ਭਾਰਤ ਵਿਚ ਬਹੁਤ ਮਾਤਰਾ ਵਿਚ ਸੋਨੇ ਦੇ ਵਿਸ਼ਾਲ ਭੰਡਾਰਾਂ ਦਾ ਜਮ੍ਹਾਂ ਹੋਣਾ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਇਹ ਸਭ ਕੁਝ ਬਾਹਰੀ ਵਪਾਰ ਦੇ ਜ਼ਰੀਏ ਸੰਭਵ ਹੋ ਸਕਿਆ।

ਮੁਹੰਮਦ ਬਿਨ ਕਾਸਿਮ ਤੋਂ ਬਾਅਦ ਜਿਸ ਤਰ੍ਹਾਂ ਦੇ ਸਾਮਾਜਿਕ ਤੇ ਧਾਰਮਿਕ ਹਾਲਾਤ ਪੈਦਾ ਹੋਏ, ਉਨ੍ਹਾਂ ਦੇ ਚੱਲਦੇ–ਚੱਲਦੇ ਜੋ ਆਰਥਿਕ ਤੇ ਰਾਜਨੀਤਿਕ ਬਣਤਰ ਬਣੀ, ਉਸ ਨਾਲ ਸਮਾਜ ਵਿਚ ਬਹੁਤ ਹਲਚਲ ਪੈਦਾ ਹੋਣੀ ਸ਼ੁਰੂ ਹੋਈ। ਇਸੇ ਹਲਚਲਦੌਰਾਨ ਕੁਝ ਸਮਾਂ ਪਾ ਕੇ ਜੇ ਇਕ ਬੰਨੇ ਮੁਸਲਿਮ ਰਾਜ ਦੀ ਪਕੜ ਮਜ਼ਬੂਤ ਹੋਈ, ਤਾਂ ਦੂਸਰੇ ਪਾਸੇ ਸਾਮਾਜਿਕ ਤੌਰ 'ਤੇ ਅੰਧਵਿਸ਼ਵਾਸ ਤੇ ਪਖੰਡਵਾਦ ਦੀਆਂ ਜੜ੍ਹਾਂ ਡੂੰਘੀਆਂ ਹੁੰਦੀਆਂ ਗਈਆਂ। ਜਿਥੇ ਜ਼ਾਤਪਾਤ ਕਰਕੇ ਵਖਰੇਵਾਂ ਹੋਰ ਵੀ ਵਿਕਰਾਲ ਰੂਪ ਧਾਰਨ ਕਰਨ ਲੱਗਿਆ, ਉਥੇ ਪਾਖੰਡਵਾਦ ਨੇ ਨਵੇਂ–ਨਵੇਂ ਰੂਪ ਧਾਰਨ ਕਰਕੇ ਲੋਕਾਈ ਨੂੰ ਉਹਦੇ ਸਹੀ ਰਾਹ ਤੋਂ ਭਟਕਣ ਵੱਲ ਧੱਕਿਆ। ਪਾਰੇ ਨੂੰ ਭਸਮ ਕਰਕੇ ਤੇ ਉਹਦੇ ਸੇਵਨ ਰਾਹੀਂ ਅਮਰ ਹੋਣ ਦਾ ਸਿੱਧਾਂ ਦਾ ਢੌਂਗ ਰਚਣਾ ਤੇ ਵੱਖ–ਵੱਖ ਧਾਤਾਂ ਦੇ ਮਿਸ਼ਰਣ ਨੂੰ ਪਿਘਲਾ ਕੇ ਤੇ ਉਸ ਵਿਚ ਜੜੀਆਂ ਬੂਟੀਆਂ ਮਿਲਾ ਕੇ ਸੋਨਾਬਣਾਉਣਾ ਇਸ ਪਾਖੰਡਵਾਦ ਦੇ ਬਦਲਵੇਂ ਰੂਪ ਸਨ। ਇਸ ਪਾਖੰਡਵਾਦ ਦਾ ਇਕ ਹੋਰ ਰੂਪ ਜੋ ਇਸ ਸਮੇਂ ਦੌਰਾਨ ਨਜ਼ਰ ਆਉਂਦਾ ਹੈ, ਉਹ ਘਰ ਪਰਿਵਾਰ ਤਿਆਗ ਕੇ ਜੰਗਲਾਂ ਤੇ ਪਹਾੜਾਂ ਦੀ ਕੰਦਰਾਂ ਵਿਚ ਲੁਕ ਕੇ ਸਿੱਧੀਆਂ ਪ੍ਰਾਪਤ ਕਰਨਾ ਤੇ ਉਨ੍ਹਾਂ ਦੇ ਜ਼ਰੀਏ ਤੁੱਛ ਦੁਨਿਆਵੀ ਉਪਲੱਭਧੀਆਂ ਪ੍ਰਾਪਤ ਕਰਨ ਦੀ ਡੀਂਗ ਮਾਰਨਾ। ਇਹ ਸਾਰਾ ਸਮਾਂ ਤਕਰੀਬਨ ਡੇਢ੍ਹ ਹਜ਼ਾਰ ਸਾਲ ਬਣਦਾ ਹੈ। ਇਸ ਦੌਰਾਨ ਭਾਰਤ ਦੀ ਤਰੱਕੀ ਤੇ ਉਹਦੇ ਖੰਡਨ ਦੀ ਜੋ ਤਸਵੀਰ ਬਣਦੀ ਹੈ, ਉਹਦਾ ਮੁੱਖ ਕਾਰਣ ਤਰੱਕੀ ਦੇ ਪਹਿਲੂ ਤੋਂ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਪਹਿਲੀ ਸਦੀ ਤੋਂ ਲੈ ਕੇ ਮੁਹੰਮਦ ਬਿਨ ਕਾਸਿਮ ਦੇ ਹਮਲੇ ਤਕ ਜਿਸ ਤਰ੍ਹਾਂ ਦੇ ਅਗਾਂਹਵਧੂ ਹਾਲਾਤ ਸਨ ਕਿ ਉਨ੍ਹਾਂਵਿਚ ਵਿਗਿਆਨਿਕ ਸੋਚ ਤੇ ਤਰਕਸੰਗਤ ਸਾਮਾਜਿਕ ਤੇ ਧਾਰਮਿਕ ਵਰਤਾਰਾ ਰਿਹਾ ਹੋਵੇਗਾ ਅਤੇ ਕਾਸਿਮ ਤੇ ਹਮਲੇ ਤੋਂ ਬਾਅਦ ਵਿਗਿਆਨਿਕ ਸੋਚ ਤੇ ਤਰਕਸੰਗਤ ਜੀਵਨ ਸ਼ੈਲੀ ਨੂੰ ਕਾਫ਼ੀ ਢਾਅ ਲੱਗੀ। ਜਿਸ ਸਮੇਂ ਬਾਬਾ ਨਾਨਕ ਇਸ ਜਗਤ ਵਿਚ ਪ੍ਰਗਟ ਹੁੰਦੇ ਹਨ, ਉਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ:

ਸਤਿਗੁਰ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣ ਹੋਆ॥

ਗੁਰੂ ਬਾਬਾ ਨਾਨਕ ਜੀ ਨੇ ਅਪਣੀ ਬਾਣੀ ਤੇ ਅਪਣੀ ਜੀਵਨ ਸ਼ੈਲੀ ਰਾਹੀਂ ਲੋਕਾਈ ਨੂੰ ਵਹਿਮਾਂ–ਭਰਮਾਂ ਤੋਂ ਨਿਜਾਤ ਦਿਵਾ ਕੇ ਇੱਕੋ ਏਕਮ ਪ੍ਰਮਾਤਮਾ ਦੀ ਪ੍ਰਾਪਤੀ ਦੇ ਸੱਚੇ ਸਾਧਨ ਤੇ ਮਾਰਗ ਦੇ ਪ੍ਰਚਾਰ ਹਿਤ ਅਪਣਾ ਸੰਪੂਰਨ ਜੀਵਨ ਸਮਰਪਿਤ ਕੀਤਾ। ਆਪ ਜੀ ਦਾ ਉਪਦੇਸ਼ ਅੱਜ ਦੀਆਂ ਕੌਮੀ ਹੱਦਾਂ ਵਿਚ ਸੀਮਿਤ ਨਹੀਂ ਸੀ। ਆਪ ਜੀ ਨੇ ਦੂਰ–ਦੁਰਾਡੇ ਦੇਸ਼ ਵਿਦੇਸ਼ ਵਿਚ ਅਪਣੇ ਸੱਚੇ–ਸੁੱਚੇ ਗਿਆਨ ਰਾਹੀਂ ਸਮਾਜ ਨੂੰ ਨਿਆਂ ਤੇ ਬਰਾਬਰੀ ਦੇ ਰਾਹ ਪਾਇਆ। ਆਪ ਬਾਹਰਲੇ ਦੇਸ਼ਾਂ ਵਿਚ ਸ਼੍ਰੀ ਲੰਕਾ, ਨੇਪਾਲ, ਈਰਾਨ, ਈਰਾਕ, ਅਫ਼ਗ਼ਾਨਿਸਤਾਨ, ਸਾਊਦੀ ਅਰਬ ਨੇਪਾਲ ਆਦਿ ਤਕ ਗਏ। ਆਪ ਦੀਆਂ ਦੇਸ਼–ਵਿਦੇਸ਼ ਵਿਚ ਕੀਤੀਆਂ ਯਾਤਰਾਵਾਂ ਨੂੰ ਉਦਾਸੀਆਂ ਦਾ ਨਾਂ ਦਿੱਤਾ ਜਾਂਦਾ ਹੈ, ਜਿਸ ਦੌਰਾਨ ਆਪ ਜੀ ਨੇ ਅਨੇਕ ਵਿਦਵਾਨਾਂ, ਵੱਖ–ਵੱਖ ਧਰਮਾਂ ਦੇ ਦਾਨਿਸ਼ਵਰਾਂ ਨਾਲ ਵਿਚਾਰ–ਵਟਾਂਦਰਾ ਕਰਦਿਆਂ ਸੱਚੇ ਮਾਰਗ'ਤੇ ਪਹਿਰਾ ਦਿੱਤਾ। ਆਪ ਜੀ ਨੇ ਦੇਸ਼–ਵਿਦੇਸ਼ ਦੇ ਤਜਰਬੇ ਤੇ ਉਥੋਂ ਦੇ ਵਿਦਵਾਨਾਂ ਤੇ ਨਾਮਵਰ ਹਸਤੀਆਂ ਨਾਲ ਗੱਲਬਾਤ ਦੌਰਾਨ ਜੋ ਵਾਰਤਾਲਾਪ ਰਚੇ, ਉਸ 'ਤੇ ਆਧਾਰਿਤ ਵਿਸ਼ਾਲ ਅਧਿਆਤਮਕ ਗਿਆਨ ਦਾ ਅਲੌਕਿਕ ਭੰਡਾਰ ਲੋਕਾਈ ਦੇ ਭਲੇ ਲਈ ਸਾਡੇ ਤੱਕ ਪਹੁੰਚਿਆ। ਇਹ ਵਿਸ਼ਾਲ ਅਧਿਆਤਮਕ ਗਿਆਨ ਵਿਚ ਮੁੱਖ ਰਚਨਾਵਾਂ ਜਪੁ, ਸਿਧ ਗੋਸਟਿ, ਦੱਖਣੀ ਓਅੰਕਾਰ, ਬਾਰਹਮਾਹਾ, ਪਟੀ, ਮਾਝ ਕੀ ਵਾਰ, ਆਸਾ ਕੀ ਵਾਰ ਤੇ ਮਲਾਰ ਕੀ ਵਾਰ ਆਦਿ ਹਨ। ਬਾਬੇ ਨਾਨਕ ਦੀ ਸੰਪੂਰਨ ਬਾਣੀ ਤੋਂ ਸਾਨੂੰ ਅਪਣੇ ਜੀਵਨ ਵਿਚ ਕਿਵੇਂ ਸਚਿਆਰਾ ਹੋਇਆ ਜਾਵੇ, ਉਹਦੀ ਸੂਝ ਤੇ ਸੇਧ ਮਿਲਦੀ ਹੈ। ਅਸੀਂ ਇਸ ਖੋਜ ਪੱਤਰ ਵਿਚ ਸਮੇਂ ਦੀ ਸੀਮਾ ਨੂੰ ਦੇਖਦਿਆਂ ਇਸ ਸੂਝ ਤੇ ਸੇਧ ਨੂੰ ਦੋ ਮੁੱਖ ਬਿੰਦੂਆਂ ਰਾਹੀਂ ਸਮਝਣ ਦੀ ਕੋਸ਼ਿਸ਼ ਕਰਾਂਗੇ, ਜਿਸਨੂੰ ਕਿ ਮੇਰੀ ਜਾਚੇ ਸਿੱਖ ਧਰਮ ਦੇ ਪ੍ਰਮੁੱਖ ਥੰਮ੍ਹ ਵੀ ਕਿਹਾ ਜਾ ਸਕਦਾ ਹੈ। ਇਹ ਦੋ ਥੰਮ੍ਹ ਹਨ – ਜ਼ਾਤਪਾਤ ਦਾ ਮੁਕੰਮਲ ਖੰਡਨ ਅਤੇ ਔਰਤ ਦੀ ਮਰਦ ਨਾਲ ਬਰਾਬਰੀ ਦੀ ਹੈਸੀਅਤ ਤੇ ਸਮਾਨਤਾ।

> ਸਮੁੱਚੇ ਰੂਪ ਵਿਚ ਗੁਰੂ ਨਾਨਕ ਜੀ ਦਾ ਜੀਵਨ ਤੇ ਬਾਣੀ ਮੱਧਕਾਲੀ ਭਾਰਤੀ ਸਮਾਜ (ਖ਼ਾਸ ਕਰਕੇ ਉੱਤਰ ਪੱਛਮੀ ਖ਼ਿੱਤੇ) ਵਿਚਲੀਆਂ ਤਮਾਮ ਕੁਰੀਤੀਆਂ ਤੇ ਉਨ੍ਹਾਂ ਤੋਂ ਮੁਕਤੀ ਦੇ ਸਾਧਨ ਦਾ ਹੱਲ ਦਰਸਾਉਂਦੀਆਂ ਹਨ। ਆਪ ਜੀ ਦੀ ਬਾਣੀ ਤੇ ਕਰਨੀ ਦੇ ਸਿਧਾਂਤ ਦੀ ਵਿਲੱਖਣਤਾ ਇਨ੍ਹਾਂਦੇ ਆਰੰਭੇ ਸਾਮਾਜਿਕ ਇਨਕਲਾਬ ਦੀ ਅਦੁੱਤੀ ਮਿਸਾਲ ਹੈ, ਜਿਸ ਰਾਹੀਂ ਆਪ ਨੇ ਅਪਣੇ ਸਮਕਾਲੀ ਸਰੋਕਾਰਾਂ ਨਾਲ ਸਿੱਧੇ ਤੌਰ 'ਤੇ ਜੂਝਦਿਆਂ ਸੱਚ ਦੇ ਮਾਰਗ ਦੀ ਪੈਰਵੀ ਕੀਤੀ। ਆਪ ਨੇ ਭਗਤੀ ਦੀ ਗੱਲ ਕੀਤੀ, ਪਰ ਉਹ ਭਗਤੀ ਕਿਸੇ ਵੀ ਪੱਖ ਤੋਂ ਸਾਮਾਜਿਕ, ਆਰਥਿਕ ਤੇ ਰਾਜਨੀਤਿਕ ਪਹਿਲੂਆਂ ਤੋਂ ਸੱਖਣੀ ਨਹੀਂ ਰੱਖੀ ਗਈ। ਭਗਤੀ ਨੂੰ ਜੀਵਨ ਵਿਚ ਰੱਖ ਕੇ ਪੇਸ਼ ਕੀਤਾ ਗਿਆ ਤੇ ਜੋ ਉਹਦਾ ਮਾਰਗ ਨਿਰਧਾਰਿਤ ਕੀਤਾ, ਉਹ ਸੰਸਾਰੀ ਵਿਹਾਰ ਨੂੰ ਉੱਤਮ ਤਰੀਕੇ ਨਾਲ ਚਲਾਉਂਦੇ ਹੋਏ 'ਕਿਛੁ ਸੁਣੀਐ ਕਿਛੁ ਕਹੀਐ' ਦੇ ਕਥਨ ਅਨੁਸਾਰ ਸੰਸਾਰ ਤੋਂ ਬੇਖ਼ਬਰ ਤੇ ਬੇਮੁੱਖ ਨਾ ਹੁੰਦੇ ਹੋਏ ਉਹਨੂੰ ਅਧਿਆਤਮਵਾਦ ਦੇ ਨਾਲ–ਨਾਲ ਜੀਵਨ ਪੱਧਤੀ ਦੇ ਉਥਾਨ ਦਾ ਮੁੱਖ ਕੇਂਦਰ ਬਣਾਇਆ।

## ਜ਼ਾਤ–ਪਾਤ ਦਾ ਖੰਡਨ

ਭਾਵੇਂ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਜ਼ਾਤ–ਪਾਤ ਦੇ ਮਾਰੂ ਪ੍ਰਭਾਵਾਂ ਬਾਰੇ ਤੇ ਇਸ ਤੋਂ ਨਿਜਾਤ ਹਾਸਲ ਕਰਨ ਲਈ ਤਥਾਗਤ ਬੁੱਧ ਤੇ ਉੱਤਰੀ ਭਾਰਤ ਦੀ ਭਗਤੀ ਲਹਿਰ ਦੌਰਾਨ ਕਾਫ਼ੀ ਕਦਮ ਪੁੱਟੇ ਗਏ ਸਨ, ਪਰ ਜ਼ਾਤਪਾਤ ਅਪਣੀ ਹੋਂਦ ਤੋਂ ਮੁਨਕਰ ਹੋਣ ਦਾ ਕਤਈ ਨਾਂ ਨਹੀਂ ਲੈ ਰਹੀ ਸੀ। ਗੁਰੂ ਜੀ ਨੇ ਜ਼ਾਤਪਾਤ ਵਾਲ਼ੀ ਮਨੁੱਖੀ ਵੰਡ ਨੂੰ ਸਾਮਾਜਿਕ ਤੇ ਅਧਿਆਤਮਕ ਰਾਹਾਂ ਵਿਚ ਰੋਕ ਦਾ ਮੁੱਖ ਕਾਰਣ ਦਰਸਾਇਆ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਜਿਨ੍ਹਾਂ ਨੂੰ ਸਮਾਜ ਵਿਚ ਅਖੌਤੀ ਨੀਚ ਕਹਿ ਕੇ ਨਿੰਦਿਆ ਜਾਂਦਾ ਰਿਹਾ ਹੈ ਅਤੇ ਉਨ੍ਹਾਂ ਨੂੰ ਸਮਾਜ ਦੀ ਮੁੱਖਧਾਰਾ ਤੋਂ ਬਾਹਰ ਧੱਕਕੇ ਉਨ੍ਹਾਂ ਨੂੰ ਪਸ਼ੂਆਂ ਤੋਂ ਵੀ ਮਾੜਾ ਜੀਵਨ ਬਤੀਤ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਵਰਤਾਰੇ ਦਾ ਜ਼ਾਤਪਾਤੀ ਵੰਡ 'ਤੇ ਆਧਾਰਿਤ ਸਮਾਜ ਤਰੱਕੀ ਕਿਵੇਂ ਕਰ ਸਕਦਾ ਹੈ ਤੇ ਗ਼ੁਲਾਮੀ ਦੀ ਜਕੜ ਤੋਂ ਕਿਵੇਂ ਬਾਹਰ ਆ ਸਕਦਾ ਹੈ? ਅਜਿਹਾ ਵਿਤਕਰੇ–ਭਰਪੂਰ ਸਮਾਜ ਅਧਿਆਤਮਕ ਪੱਧਰ 'ਤੇ ਉਸ ਇਕ ਪ੍ਰਮਾਤਮਾ ਦੀ ਬਖ਼ਸ਼ਿਸ਼ ਤੋਂ ਸੱਖਣਾ ਰਹਿ ਜਾਂਦਾ ਹੈ। ਆਪ ਜੀ ਨੇ ਸਾਫ਼–ਸਾਫ਼ ਸ਼ਬਦਾਂ ਵਿਚ ਇਸ ਬਾਰੇ ਚਾਨਣਾ ਪਾਇਆ ਹੈ:

ਨੀਚਾ ਅੰਦਰਿ ਨੀਚ ਜਾਤੁ, ਨੀਚੀ ਅਤਿ ਨੀਚ॥
ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਆਪ ਫ਼ਰਮਾਉਂਦੇ ਹਨ ਕਿ ਨੀਚਾਂ ਦੇ ਅੰਦਰ ਦੀ ਜੋ ਸਭ ਤੋਂ ਨੀਚੀ ਜਾਤ ਹੈ, ਉਹਦੇ ਨਾਲ ਜੋ ਵਸੇਵਾ ਕਰੇਗਾ; ਉਥੇ ਹੀ ਅਕਾਲ ਪੁਰਖ ਦੀ ਕਿਰਪਾ ਦੀ ਬਹਾਰ ਹੋਵੇਗੀ। ਆਪ ਜੀ ਨੇ ਭਾਈ ਲਾਲੋ ਦੀ ਰੁੱਖੀ–ਸੁੱਖੀ ਖਾ ਕੇ ਤੇ ਮਲਕ ਭਾਗੋ ਦੀ ਹਰਾਮ ਦੀ ਕਮਾਈ ਤੋਂ ਬਣਾਏ ਲਜ਼ੀਜ਼ ਖਾਣੇ ਤੋਂ ਇਨਕਾਰੀ ਹੋ ਕੇ 'ਵਡਿਆਂ ਸਿਉਂ ਕਿਆ ਰੀਸ' ਨੂੰ ਅਮਲੀ ਜਾਮਾ ਪਹਿਨਾਇਆ ਤੇ ਨੀਚਾਂ ਅੰਦਰ ਨੀਚ ਜਾਤੀ ਨੀਚੀ ਹੂ ਅਤਿ ਨੀਚ ਦਾ ਸੰਗ ਮਾਣਿਆ।

ਬਾਬੇ ਨਾਨਕ ਦਾ ਸਮਾਜਿਕ ਨਿਆਂ ਪ੍ਰਤੀ ਇਹ ਪਹਿਲਾ ਸਾਕਾਰਾਤਮਕ ਕਦਮ ਸੀ, ਜਿਹਨੂੰ ਆਪ ਜੀ ਨੇ ਅਪਣੀਆਂ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਵਿਚ ਹੱਥੀਂ ਖੇਤੀ ਕਰਕੇ ਕਿਰਤ, ਸੰਗਤ, ਵੰਡ ਛਕਣ ਤੇ ਨਾਮ ਜਪਣ ਨੂੰ ਅਮਲੀ ਰੂਪ ਵਿਚ ਲਾਗੂ ਕੀਤਾ। ਆਪ ਜੀ ਨੇ ਗ੍ਰਹਿਸਥੀ ਜੀਵਨ ਵਿਚ ਵਾਸਾ ਕਰਕੇ ਹੱਥੀਂ ਕਿਰਤ ਕਰਕੇ ਉਸ ਘਾਲ ਵਿੱਚੋਂ ਕੁਝ ਦੇਣ ਦੀ ਪਿਰਤ ਤੋਰੀ। ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਨੂੰ ਇੱਕੋ ਲੜੀ ਵਿਚ ਪ੍ਰੋਇਆ। ਉਹ ਨਾਮ ਜਿਹੜਾ ਬਿਨਾਂ ਕਿਰਤ ਕੀਤੇ ਤੇ ਵੰਡ ਕੇ ਛਕੇ ਜਪਿਆ ਜਾਵੇ– ਜਿਵੇਂ ਕਿ ਸਿੱਧ ਤੇ ਨਾਥ ਕਰਦੇ ਸਨ– ਤੋਂ ਲੋਕਾਈ ਨੂੰ ਬਚਣ ਦੀ ਤਾਕੀਦ ਕੀਤੀ। ਕਿਰਤ ਵਰਣ ਵਿਵਸਥਾ ਅਨੁਸਾਰ ਚੌਥੇ ਵਰਣ ਵਿਚ ਕਿਰਤ ਕਰਨ ਵਾਲੇ ਨੂੰ ਸ਼ੂਦਰ ਦਾ ਲਕਬ ਦੇ ਕੇ ਉਹਨੂੰ ਨੀਵਿਆਂ ਹੋਣ ਦਾ ਦੰਡ ਭੋਗਣ ਲਈ ਮਜਬੂਰ ਕਰਨ ਵਜੋਂ ਸਾਹਮਣੇ ਆਉਂਦੀ ਹੈ। ਜਿਸ ਦਾ ਪੂਰਨ ਤੌਰ 'ਤੇ ਨਿਘਰਿਆ ਹੋਇਆ ਰੂਪ ਜਾਤੀ ਪ੍ਰਥਾ ਰਾਹੀਂ ਸਾਹਮਣੇ ਆਉਂਦਾ ਹੈ। ਇਥੇ ਜ਼ਾਤ ਸਿੱਧੇ ਤੌਰ 'ਤੇ ਕਿੱਤੇ ਨਾਲ ਜੁੜਦੀ ਹੈ ਅਤੇ ਉਹ ਕਿੱਤਾ ਜਿਸ ਨੂੰ ਕਰਦਿਆਂ ਹੱਥ ਮੈਲੇ ਹੁੰਦੇ ਹਨ, ਉਹਨੂੰ ਨੀਵੀਂ ਜ਼ਾਤ ਦਾ ਕਿੱਤਾ ਗਰਦਾਨ ਕੇ ਉਸ ਕਿੱਤੇ ਨੂੰ ਕਰਨ ਵਾਲਿਆਂ ਨੂੰ ਮੁੱਢਲੇ ਮਨੁੱਖੀ ਅਧਿਕਾਰਾਂ ਤੋਂ ਵੰਚਿਤ ਕੀਤਾ ਜਾਂਦਾ ਹੈ। ਬਾਬੇ ਨਾਨਕ ਨੇ ਅਪਣੀਆਂ ਸਿੱਖਿਆਵਾਂ ਤੇ ਕਰਨੀ ਨਾਲ ਸਦੀਆਂ ਤੋਂ ਮਨੁੱਖੀ ਅਧਿਕਾਰ ਤੋਂ ਵੰਚਿਤ ਉਨ੍ਹਾਂ ਸਭ ਅਖੌਤੀ ਕੰਮੀਆਂ–ਕਮੀਣਾਂ ਨੂੰ ਉਨ੍ਹਾਂ ਦੀ ਕਿਰਤ ਤੇ ਆਧਾਰ 'ਤੇ ਜੀਵਨ ਬਤੀਤ ਕਰਦਿਆਂ ਸਚਿਆਰਾ ਹੋਣ ਦਾ ਮਾਣ ਬਖ਼ਸ਼ਿਆ ਤੇ ਜਿਹੜਾ ਵੀ ਉਨ੍ਹਾਂ ਨਾਲ ਖਲੋਂਦਾ ਹੈ ਤੇ ਜਿਥੇ ਉਨ੍ਹਾਂ ਨੂੰ ਨਾਲ ਮਿਲਾ ਕੇ ਉਨ੍ਹਾਂ ਦੀ ਦੇਖਭਾਲ ਦਾ ਕਾਰਜ ਹੁੰਦਾ ਹੈ, ਉਥੇ ਉਸ ਏਕਮ ਨਿਰੰਕਾਰ ਦੀ ਬਖ਼ਸ਼ਿਸ਼ ਦਾ ਐਲਾਨ ਕੀਤਾ। ਕਿਰਤ ਤੇ ਨਾਮ ਜਪਣ ਦੇ ਸੁਮੇਲ ਨੂੰ ਵੰਡ ਕੇ ਖਾਣ ਨਾਲ ਜ਼ਾਤ ਦੇ ਵਿਤਕਰੇ ਤੋਂ ਉਪਰ ਉਠ ਕੇ ਉਸ ਇਕ ਨਿਰੰਕਾਰ ਦੀ ਸਿੱਖਿਆ ਦਿੱਤੀ।

ਗੁਰੂ ਨਾਨਕ ਜੀ ਨੇ ਤੇ ਉਨ੍ਹਾਂ ਤੋਂ ਅਗਾਂਹ ਨੌਂ ਨਾਨਕਾਂ ਨੇ ਜਿਸ ਸੁਚੱਜੇ ਢੰਗ ਨਾਲ ਜ਼ਾਤਪਾਤ ਤੋਂ ਨਿਜਾਤ ਪਾਉਣ ਦਾ ਕਾਰਜ ਆਰੰਭਿਆ, ਉਹਦੀ ਨਾ ਤਾਂ ਉਨ੍ਹਾਂ ਤੋਂ ਪਹਿਲਾਂ ਤੇ ਨਾ ਹੀ ਉਨ੍ਹਾਂ ਤੋਂ ਬਾਅਦ ਕੋਈ ਹੋਰ ਬਿਹਤਰੀਨ ਮਿਸਾਲ ਸਾਡੇ ਸਾਹਮਣੇ ਆਉਂਦੀ ਹੈ। ਇਥੇ ਇਹ ਕਹਿਣਾ ਅਪ੍ਰਾਸੰਗਿਕ ਨਹੀਂ ਹੈ ਕਿ ਜੇ ਅੱਜ ਦੇ ਸਮਾਜ ਵਿਚਜ਼ਾਤਪਾਤ ਦੇ ਨਿਜ਼ਾਮ ਦਾ ਪੂਰਨ ਖ਼ਾਤਮਾ ਨਹੀਂ ਹੋ ਸਕਿਆ, ਤਾਂ ਉਹਦੀ ਸਾਰੀ ਜ਼ਿੰਮੇਵਾਰੀ ਸਾਡੀ ਸਾਰਿਆਂ ਦੀ ਹੈ। ਬਾਬੇ ਨਾਨਕ ਤੇ ਉਨ੍ਹਾਂ ਦੇ ਘਰ ਦੀ ਸੱਚੀ ਬਾਣੀ ਨੂੰ ਅਸੀਂ ਅਪਣੇ ਜੀਵਨ ਵਿਚ ਅਮਲੀ ਰੂਪ ਨਾ ਦੇਣ ਦੇ ਕਾਰਣ ਇਸ ਸਾਮਾਜਿਕ ਬੁਰਾਈ ਨੂੰ ਪੂਰਣ ਤੌਰ 'ਤੇ ਖ਼ਤਮ ਨਹੀਂ ਕਰ ਸਕੇ। ਹੋਰ ਤਾਂ ਹੋਰ ਜ਼ਾਤ ਨਾਮ 'ਤੇ ਗੁਰੂ ਘਰਾਂ ਦੀ ਉਸਾਰੀ ਬਾਬੇ ਨਾਨਕ ਦੇ ਦਰਸਾਏ ਤੇ ਸ਼ੁਰੂ ਕੀਤੇ ਜ਼ਾਤਪਾਤ ਵਾਲ਼ੇ ਸਮਾਜ ਤੋਂਨਿਜਾਤ ਦਿਵਾਉਣ ਦੇ ਉੱਦਮ ਨੂੰ ਢਾਅ ਲਾਉਂਦੀਹੈ।

## ਔਰਤ ਦਾ ਸਨਮਾਨ

ਬਾਬੇ ਨਾਨਕ ਦੇ ਸਾਮਾਜਿਕ ਸੁਧਾਰ ਤੇ ਅਰਥ–ਭਰਪੂਰ ਜੀਵਨ ਜਿਉਣ ਦਾ ਜਾਚਦੂਸਰਾ ਸਤੰਭ ਔਰਤ ਦੀ ਬਰਾਬਰੀ ਦੇ ਸਿਧਾਂਤ ਨੂੰ ਮੰਨਿਆ ਜਾਂਦਾ ਹੈ। ਆਸਾ ਦੀ ਵਾਰ ਦੀ ਪਾਉੜੀ 19 ਵਿਚ ਆਪ ਵਿਸਥਾਰ ਨਾਲ ਸਮਝਾਉਂਦੇ ਹਨ ਕਿ ਮਨੁੱਖ ਦੀ ਉਪਜ ਇਸਤਰੀ ਦੀ ਕੁੱਖ ਤੋਂ ਹੁੰਦੀ ਹੈ ਤੇ ਇਸਤਰੀ ਹੀ ਉਹਦੀ ਪਾਲਣਹਾਰ ਬਣਦੀ ਹੈ। ਪਰਿਵਾਰ ਦਾ ਸੰਚਾਲਨ ਵੀ ਇਸਤਰੀ ਹੀ ਕਰਦੀ ਹੈ। ਜਿਵੇਂ ਕਿ ਮੰਗਣਾ, ਵਿਆਹ, ਮਿੱਤਰਤਾ ਜਾਂ ਪ੍ਰੇਮ ਆਦਿ ਇਸਤਰੀ ਨਾਲ ਹੀ ਹੁੰਦਾ ਹੈ। ਇਸਤਰੀ ਹੀ ਭਾਈਚਾਰੇ ਤੇ ਸਭਿਅਤਾ ਦੀ ਨੀਂਹ ਰੱਖਦੀ ਹੈ ਅਤੇ ਉਹਨੂੰ ਅੱਗੇ ਵਧਾਉਂਦੀ ਹੈ। ਬੱਚਿਆਂ ਦੀ ਉਤਪਤੀ ਤੇ ਗ੍ਰਹਿਸਥ ਜੀਵਨ ਤੇ ਉਸ 'ਤੇ ਆਧਾਰਿਤ ਸਮਾਜ ਦਾ ਪ੍ਰਬੰਧ ਇਸਤਰੀ ਦੀ ਬਦੌਲਤ ਚਲਦਾ ਹੈ। ਆਪ ਇਸਤਰੀ ਦੇ ਸੰਮਾਣ ਦੀ ਗੱਲ ਤੋਰਦੇ ਫ਼ਰਮਾਉਂਦੇ ਹਨ ਕਿ ਜਿਸ ਇਸਤਰੀ ਕੁੱਖੋਂ ਰਾਜੇ ਮਹਾਰਾਜੇ ਪੈਦਾ ਹੁੰਦੇ ਹੋਣ ਉਸ ਨੂੰ ਮੰਦਾ ਕਿਸ ਤਰ੍ਹਾਂ ਆਖਿਆ ਜਾ ਸਕਦਾ ਹੈ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥
ਨਾਨਕ ਤੇ ਮੁਖ ਉਜਲੇ ਤਿਤੁ ਸਚੈ ਦਰਬਾਰਿ॥

ਆਪ ਜੀ ਨੇ ਇਸਤਰੀ ਨੂੰ ਇਸ ਸੰਸਾਰ ਦੀ ਉਤਪਤੀ ਦੇ ਸਰੋਤ ਵਜੋਂ ਸਲਾਹਉਂਦਿਆਂ ਇਸਤਰੀ ਤੋਂ ਇਸਤਰੀ ਦੀ ਉਪਜ ਨੂੰ ਵੀ ਬਿਆਨ ਕੀਤਾ ਹੈ। ਇਸਤਰੀ ਤੋਂ ਬਿਨਾਂ ਜਨਮ ਅਸੰਭਵ ਹੋਣ ਦੀ ਗੱਲ ਕੀਤੀ ਹੈ। ਸਿਰਫ਼ ਇਕ ਅਵਿਨਾਸ਼ੀ ਪਰਮੇਸ਼ਰ ਹੀ ਹੈ, ਜਿਸ ਦੀ ਹੋਂਦ ਇਸਤਰੀ ਤੋਂ ਬਿਨਾਂ ਅਪਣੇ ਆਪ (ਸੈਭੰ) ਹੈ।

ਸਮਾਜ ਵਿਚ ਜਿਵੇਂ ਕਿ ਜ਼ਾਤਪਾਤ ਦੇ ਆਧਾਰ 'ਤੇ ਨੀਵੀਂਆਂ ਜ਼ਾਤਾਂ ਨਾਲ ਸੰਬੰਧਤ ਇਨਸਾਨਾਂ ਨਾਲ ਮਤਭੇਦ ਦੇ ਜ਼ਰੀਏ ਅਨਿਆਂ ਕੀਤਾ ਜਾਂਦਾ ਰਿਹਾ ਹੈ, ਉਸੇ ਹੀ ਤਰ੍ਹਾਂ ਸਾਡੇ ਸਮਾਜ ਵਿਚ ਇਸਤਰੀ ਨੂੰ ਛੋਟੇ ਤੇ ਅਪਵਿੱਤਰ ਸਮਝਣ ਦੀ ਕੁਰੀਤੀ ਵੀ ਪ੍ਰਚੱਲਿਤ ਰਹੀ ਹੈ।

ਗੁਰੂ ਸਾਹਿਬ ਨੇ ਇਸ ਨੂੰ ਕੋਰੀ ਅਗਿਆਨਤਾ ਤੇ ਮੂਰਖਤਾ ਦਰਸਾਇਆ ਹੈ। ਔਰਤ ਨੂੰ ਸਿਰਫ਼ ਔਰਤ ਹੋਣ ਦੇ ਨਾਤੇ ਹੀਣ ਮੰਨਣ ਨੂੰ ਗੁਰੂ ਸਾਹਿਬ ਨੇ ਉਪਰੋਕਤ ਅੰਕਿਤ ਸਲੋਕ ਵਿਚ ਤਰਕ–ਸਹਿਤ ਖੰਡਨ ਕੀਤਾ ਹੈ।

ਸਮੁੱਚੇ ਰੂਪ ਵਿਚ ਗੁਰੂ ਨਾਨਕ ਜੀ ਦਾ ਜੀਵਨ ਤੇ ਬਾਣੀ ਮੱਧਕਾਲੀ ਭਾਰਤੀ ਸਮਾਜ (ਖ਼ਾਸ ਕਰਕੇ ਉੱਤਰ ਪੱਛਮੀ ਖ਼ਿੱਤੇ) ਵਿਚਲੀਆਂ ਤਮਾਮ ਕੁਰੀਤੀਆਂ ਤੇ ਉਨ੍ਹਾਂ ਤੋਂ ਮੁਕਤੀ ਦੇ ਸਾਧਨ ਦਾ ਹੱਲ ਦਰਸਾਉਂਦੀਆਂ ਹਨ। ਆਪ ਜੀ ਦੀ ਬਾਣੀ ਤੇ ਕਰਨੀ ਦੇ ਸਿਧਾਂਤ ਦੀ ਵਿਲੱਖਣਤਾ ਇਨ੍ਹਾਂਦੇ ਆਰੰਭੇ ਸਾਮਾਜਿਕ ਇਨਕਲਾਬ ਦੀ ਅਦੁੱਤੀ ਮਿਸਾਲ ਹੈ, ਜਿਸ ਰਾਹੀਂ ਆਪ ਨੇ ਅਪਣੇ ਸਮਕਾਲੀ ਸਰੋਕਾਰਾਂ ਨਾਲ ਸਿੱਧੇ ਤੌਰ 'ਤੇ ਜੂਝਦਿਆਂ ਸੱਚ ਦੇ ਮਾਰਗ ਦੀ ਪੈਰਵੀ ਕੀਤੀ।

ਆਪ ਨੇ ਭਗਤੀ ਦੀ ਗੱਲ ਕੀਤੀ, ਪਰ ਉਹ ਭਗਤੀ ਕਿਸੇ ਵੀ ਪੱਖ ਤੋਂ ਸਾਮਾਜਿਕ, ਆਰਥਿਕ ਤੇ ਰਾਜਨੀਤਿਕ ਪਹਿਲੂਆਂ ਤੋਂ ਸੱਖਣੀ ਨਹੀਂ ਰੱਖੀ ਗਈ। ਭਗਤੀ ਨੂੰ ਜੀਵਨ ਵਿਚ ਰੱਖ ਕੇ ਪੇਸ਼ ਕੀਤਾ ਗਿਆ ਤੇ ਜੋ ਉਹਦਾ ਮਾਰਗ ਨਿਰਧਾਰਿਤ ਕੀਤਾ, ਉਹ ਸੰਸਾਰੀ ਵਿਹਾਰ ਨੂੰ ਉੱਤਮ ਤਰੀਕੇ ਨਾਲ ਚਲਾਉਂਦੇ ਹੋਏ 'ਕਿਛੁ ਸੁਣੀਐ ਕਿਛੁ ਕਹੀਐ' ਦੇ ਕਥਨ ਅਨੁਸਾਰ ਸੰਸਾਰ ਤੋਂ ਬੇਖ਼ਬਰ ਤੇ ਬੇਮੁੱਖ ਨਾ ਹੁੰਦੇ ਹੋਏ ਉਹਨੂੰ ਅਧਿਆਤਮਵਾਦ ਦੇ ਨਾਲ–ਨਾਲ ਜੀਵਨ ਪੱਧਤੀ ਦੇ ਉਥਾਨ ਦਾ ਮੁੱਖ ਕੇਂਦਰ ਬਣਾਇਆ।

ਭਗਤੀ ਨੂੰ ਸਾਮਾਜਿਕ ਸੰਦਰਭ ਵਿਚ ਪੇਸ਼ ਕਰਕੇ ਲੋਕਪੱਖੀ ਰਾਜਨੀਤੀ ਤੇ ਅਰਥ–ਵਿਵਸਥਾ ਦੀ ਸਥਾਪਤੀ ਦਾ ਸਿਧਾਂਤ ਹੀ ਨਾਨਕਬਾਣੀ ਤੇ ਉਹਦੀਆਂ ਸਿੱਖਿਆਵਾਂ ਨੂੰ ਭਗਤੀ ਲਹਿਰ ਦੇ ਪ੍ਰਭੂ ਭਗਤੀ ਦੇ ਸਿਧਾਂਤ ਤੋਂ ਅਲੱਗ ਕਰਦਾ ਹੈ।

ਬਾਬਾ ਜੀ ਨੇ ਦੱਸਿਆ ਕਿ ਗੱਲੀਂ ਭੇਖੀਂ ਰੱਬ ਨਹੀਂ ਮਿਲ਼ਦਾ; ਗ੍ਰਹਸਥੀ ਵਿਚ ਰਹਿੰਦਿਆਂ ਸੱਚੇ ਮਾਰਗ ਚਲਦਿਆਂ ਚੰਗੇਰਾ ਜੀਵਨ ਨਿਰਬਾਹ ਹੁੰਦਾ ਹੈ, ਜਿਹਦੀ ਲੋਕ ਤੇ ਪਰਲੋਕ ਦੋਹਵਾਂ ਚ ਉਸਤਤਿ ਹੁੰਦੀ ਹੈ:

ਜੋਗੁ ਨ ਮੁੰਦੀ ਮੁੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨ ਰਹੀਐ ਜੋਗ ਜੁਗਤਿ ਇਵ ਪਾਈਐ॥੧॥

ਬਾਬਾ ਨਾਨਕ ਸੌੜੀ ਰਾਜਨੀਤੀ 'ਤੇ ਤਿੱਖਾ ਪ੍ਰਤੀਕਰਮ ਕਰਦੇ ਹੋਏ 'ਰਾਜੇ ਸੀਂਹ ਮੁਕੱਦਮ ਕੁਤੇ' ਰਾਹੀਂ ਭਗਤੀ ਤੇ ਰਾਜਨੀਤੀ ਨੂੰ ਸਹੀ ਮਾਅਨਿਆਂ ਵਿਚ ਸੱਚ ਦੀ ਲੋਅ ਵਿਚ ਪੇਸ਼ ਕਰਦੇ ਹਨ; ਜਿਵੇਂ ਕਿ ਇਸ ਖੋਜ ਪੱਤਰ ਦੇ ਸ਼ੁਰੂ ਵਿਚ ਸੰਕੇਤ ਕੀਤਾ ਗਿਆ ਹੈ ਕਿ ਇਹਦਾ ਮੁੱਖ ਵਿਸ਼ਾ ਸਾਮਾਜਿਕ ਨਿਆਂ ਤੇ ਇਸਤਰੀ ਦੀ ਬਰਾਬਰੀ ਦੇ ਮਸਲੇ ਨਾਲ ਜੁੜਿਆ ਹੈ। ਇਹ ਦੋਨੋਂ ਪਹਿਲੂ ਸਿੱਖ ਧਰਮ ਦੀ ਨੀਂਹ ਹਨ।

ਬਾਬਾ ਨਾਨਕ ਦਾ ਪੂਰਾ ਜੀਵਨ ਤੇ ਸਿੱਖਿਆਵਾਂ ਸਮਾਜਿਕ ਨਿਆਂ ਤੇ ਔਰਤ ਦੀ ਬਰਾਬਰੀ ਨੂੰ ਮੁੱਖ ਰੱਖਦਿਆਂਰੂਹਾਨੀਅਤ ਦੀ ਪਿੱਠਭੂਮੀ ਵਜੋਂ ਇਨ੍ਹਾਂ ਦੀ ਅਹਿਮੀਅਤ ਦਰਸਾਉਂਦੀਆਂ ਹਨ।

*ਧਿਆਨਜੋਗ: ਇਹ ਲੇਖ 550ਵੇਂ ਨਾਨਕ ਪ੍ਰਕਾਸ਼ ਪੁਰਬ ਵੇਲੇ 11 ਨਵੰਬਰ ਨੂੰ ਡੇਰਾ ਬਾਬਾ ਨਾਨਕ ਵਿਚ ਹੋਣ ਵਾਲ਼ੇ ਵਿਦਵਾਨਾਂ ਦੇ ਜੋੜਮੇਲੇ ਵਿਚ ਪੜ੍ਹਿਆ ਜਾਣਾ ਹੈ।*

# ਮੰਜ਼ਿਲ

ਸਾਥੀ! ਮੰਜ਼ਿਲ ਜ਼ਰੂਰ ਮਿਲੇਗੀ
ਤੂੰ ਕੋਸ਼ਿਸ਼ ਕਰ
ਤੂੰ ਕੋਸ਼ਿਸ਼ ਕਰ ।

ਭਾਂਵੇ ਕਿੰਨੀਆਂ ਮੁਸ਼ਕਿਲਾਂ ਆਉਣ ਸਾਮਣੇ
ਭਾਂਵੇ ਰੋਕੇ ਤੂਫ਼ਾਨ ਤੇਰੇ ਕਦਮ
ਬੇਖੌਫ ਹੋਕੇ ਕਰ ਸਾਮਣਾ
ਤੂੰ ਕੋਸ਼ਿਸ਼ ਕਰ
ਤੂੰ ਕੋਸ਼ਿਸ਼ ਕਰ
ਸਾਥੀ! ਮੰਜ਼ਿਲ ਜ਼ਰੂਰ ਮਿਲੇਗੀ
ਤੂੰ ਕੋਸ਼ਿਸ਼ ਕਰ
ਤੂੰ ਕੋਸ਼ਿਸ਼ ਕਰ

ਭਾਂਵੇ ਕਿੰਨੇ ਸਾਥੀ ਛੱਡ ਜਾਣ
ਪਿੱਛੇ ਮੁੜ ਨਾ ਦੇਖ ਓਹਨਾਂ ਨੂੰ
ਆਪਣੇ ਲਕਸ਼ ਨੂੰ ਦਿਲ 'ਚ ਰੱਖ ਕੇ
ਤੂੰ ਕੋਸ਼ਿਸ਼ ਕਰ
ਤੂੰ ਕੋਸ਼ਿਸ਼ ਕਰ
ਸਾਥੀ ! ਮੰਜ਼ਿਲ ਜ਼ਰੂਰ ਮਿਲੇਗੀ
ਤੂੰ ਕੋਸ਼ਿਸ਼ ਕਰ
ਤੂੰ ਕੋਸ਼ਿਸ਼ ਕਰ

ਭਾਂਵੇ ਲੱਗ ਜਾਣ ਦੋ-ਚਾਰ ਵਰੇ
ਹਿੰਮਤ ਕਰਕੇ ਡਟਾ ਰਹਿ ਤੂੰ
ਤੇਰੀ ਨਿਸ਼ਠਾ ਤੇ ਲਗਨ ਲਿਆਵੇਗੀ ਰੰਗ ਜ਼ਰੂਰ
ਤੂੰ ਕੋਸ਼ਿਸ਼ ਕਰ
ਤੂੰ ਕੋਸ਼ਿਸ਼ ਕਰ
ਸਾਥੀ! ਮੰਜ਼ਿਲ ਜ਼ਰੂਰ ਮਿਲੇਗੀ
ਤੂੰ ਕੋਸ਼ਿਸ਼ ਕਰ
ਤੂੰ ਕੋਸ਼ਿਸ਼ ਕਰ ।



**– ਭਾਵਨਾ**
ਜੀਏਨਡੀਯੂ ਰੀਜਨਲ
ਕੈਂਪਸ, ਜਲੰਧਰ

# ਰੁਮਾਲ

ਤੈਨੂੰ ਦੱਸਾਂ ਗੱਲਬਾਤ ਜਿਹੜੀ ਹੋਈ ਵਾਰਦਾਤ
ਉਤੇ ਡਿੱਗ ਪਿਆ ਪਹਾੜ ਤਾਹੀਉਂ ਸੁੱਤੀ ਨਾ ਮੈਂ ਰਾਤ
ਕਿਸੇ ਚੰਦਰੇ ਨੇ ਲੂਤੀ ਲਾ ਕੇ ਘੋਲਤੀ ਕੜੀ
ਤੇਰਾ ਕੱਢਦੀ ਰੁਮਾਲ ਮੈਂ ਤਾਂ ਸੋਹਣਿਆ
ਵੇ ਮੈਨੂੰ ਮੇਰੀ ਮਾਂ ਨੇ ਫੜੀ।

ਲੈ ਗਈ ਸੂਈ ਧਾਗਾ ਖੋ ਕੇ ਪਿੱਛੇ ਪੈ ਗਈ ਹੱਥ ਧੋ ਕੇ
ਚਾਅ ਹੋਏ ਨਾ ਤਾਂ ਪੂਰੇ ਰੱਖੇ ਦਿਲ 'ਚ ਲਕੋ ਕੇ
ਬੱਸ ਆਂਢੀਂ ਹੀ ਗੁਆਂਢੀ ਸਾਰੇ ਬਹਿ ਗਏ ਤਾਂ ਜੜ੍ਹੀਂ
ਤੇਰਾ ਕੱਢਦੀ ਰੁਮਾਲ ਮੈਂ ਤਾਂ ਸੋਹਣਿਆ ਮੈਨੂੰ ...

ਇਹ ਤਾਂ ਹੋ ਗਈ ਵੇ ਕਮਾਲ ਤੈਨੂੰ ਦੱਸਾਂ ਕਿਵੇਂ ਹਾਲ
ਟਾਈਮ ਔਖਾ ਸੌਖਾ ਕੱਢ ਆ ਕੇ ਮੌਕਾ ਤੂੰ ਸੰਭਾਲ
ਹੁਣ ਆਥਣ ਸਵੇਰੇ ਸਾਰੇ ਜਾਂਦੇ ਨੇ ਲੜੀ
ਤੇਰਾ ਕੱਢਦੀ ਰੁਮਾਲ ਮੈਂ ਤਾਂ ਸੋਹਣਿਆ ਮੈਨੂੰ ...

ਬੱਸ ਪੱਲੇ ਪੈ ਗਏ ਤਾਅਨੇ ਮੈਂ ਤਾਂ ਲਾਏ ਵੀ ਬਹਾਨੇ
ਤੇਰੀ ਧੌਣ ਦੇਣੀ ਵੱਢ ਗੱਲ ਸੁਣ ਤੂੰ ਰਕਾਨੇ
ਇਹੋ ਜਿਹੀ ਚੰਦਰੀ ਕਿਸੇ ਤੇ ਕਦੇ ਆਵੇ ਨਾ ਘੜੀ
ਤੇਰਾ ਕੱਢਦੀ ਰੁਮਾਲ ਮੈਂ ਤਾਂ ਸੋਹਣਿਆ ਮੈਨੂੰ ...

ਉਤੇ 'ਦੇਵ' ਸੀ ਪਾਇਆ ਪਿੱਛੇ 'ਘੋਲੀਆ' ਵੀ ਲਾਇਆ
ਖੜ੍ਹੀ ਸੋਚਦੀ ਰਹੀ ਤੇ ਤੇਰਾ ਖਿਆਲ ਜਦੋਂ ਆਇਆ
ਕਹਿੰਦੀ ਛੱਡ ਉਹਦਾ ਖਹਿੜਾ ਕਿਵੁਂ ਤੂੰ ਕਰਦੀ ਅਜੀ
ਤੇਰਾ ਕੱਢਦੀ ਰੁਮਾਲ ਮੈਂ ਤਾਂ ਸੋਹਣਿਆ
ਵੇ ਮੈਨੂੰ ਮੇਰੀ ਮਾਂ ਨੇ ਫੜੀ।



**ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
559-232-7764

# ਜਲ੍ਹਿਆਂਵਾਲਾ ਬਾਗ਼ ਦੇ ਇਤਿਹਾਸ ਨੂੰ ਬੁਲੰਦ ਕਰੇਗਾ ਮੇਲਾ ਗ਼ਦਰੀ ਬਾਬਿਆਂ ਦਾ

**ਜਲੰਧਰ–** ਆਜ਼ਾਦੀ ਸੰਗਰਾਮ 'ਚ ਇਨਕਲਾਬੀ ਵਰਕਿਆਂ ਦੀ ਨਿਰੰਤਰ ਲੜੀ ਜੋੜਨ ਵਾਲੇ ਜਲ੍ਹਿਆਂਵਾਲਾ ਬਾਗ਼ ਸਾਕਾ ਦੀ ਪਹਿਲੀ ਸ਼ਤਾਬਦੀ (1919-2019) ਨੂੰ ਸਮਰਪਤ 31 ਅਕਤੂਬਰ ਅਤੇ 1 ਨਵੰਬਰ ਨੂੰ ਲੱਗਣ ਵਾਲਾ 28ਵਾਂ ਦੋ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ ਫ਼ਿਰਕੂ ਫਾਸ਼ੀਪੁਣੇ ਅਤੇ ਭਖ਼ਦੇ ਲੋਕ ਮੁੱਦਿਆਂ ਨੂੰ ਕਲਾ-ਕਿਰਤਾਂ ਦੇ ਕਲਾਵੇ ਵਿੱਚ ਲਵੇਗਾ। ਦੇਸ਼ ਭਗਤ ਯਾਦਗਾਰ ਹਾਲ ਦੇ ਸਮੁੱਚੇ ਕੰਪਲੈਕਸ ਨੂੰ 'ਜਲ੍ਹਿਆਂਵਾਲਾ ਬਾਗ਼ ਨਗਰ' ਅਤੇ ਖੁੱਲ੍ਹੇ ਰੰਗ-ਮੰਚ ਨੂੰ 'ਮੁਹੰਮਦ ਸਿੰਘ ਆਜ਼ਾਦ ਪੰਡਾਲ' ਦਾ ਨਾਂਅ ਦਿੱਤਾ ਜਾਏਗਾ।

ਵੰਨ-ਸੁਵੰਨੀਆਂ ਕਲਾ-ਕਿਰਤਾਂ ਉਪਰੰਤ ਮੁਲਕ ਦੇ ਚੋਟੀ ਦੇ ਵਿਦਵਾਨ ਸਿਧਾਰਥ ਵਰਦਰਾਜਨ ('ਦ ਵਾਇਰ' ਦੇ ਸੰਪਾਦਕ) ਅਤੇ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਮੇਲੇ ਨੂੰ ਸੰਬੋਧਨ ਕਰਨਗੇ। ਦਿਨ ਵੇਲੇ ਹੀ ਗੁਰਸ਼ਰਨ ਸਿੰਘ ਦਾ ਲਿਖਿਆ ਨਾਟਕ 'ਇਹ ਲਹੂ ਕਿਸਦਾ ਹੈ?', ਚੰਡੀਗੜ੍ਹ ਸਕੂਲ ਆਫ਼ ਡਰਾਮਾ (ਇਕੱਤਰ ਸਿੰਘ) ਦੀ ਟੀਮ ਵੱਲੋਂ ਪੇਸ਼ ਹੋਏਗਾ। ਦੇਸ ਰਾਜ ਛਾਜਲੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਨਿਰਮਾਣ ਗੀਤ-ਸੰਗੀਤ ਪੇਸ਼ ਕਰਨਗੇ। ਡਾ.ਪਰਮਿੰਦਰ ਦੁਆਰਾ ਲਿਖੀ 'ਸਾਕਾ ਜਲ੍ਹਿਆਂਵਾਲਾ ਬਾਗ਼ (ਸਾਮਰਾਜਵਾਦ ਅਤੇ ਲੋਕ ਲਹਿਰ)', ਅਮੋਲਕ ਸਿੰਘ ਵੱਲੋਂ ਲਿਖੇ 1995 ਤੋਂ 2019 ਤੱਕ ਦੇ ਮੇਲਿਆਂ 'ਤੇ ਪੇਸ਼ 'ਝੰਡੇ ਦੇ ਗੀਤ', ਗੁਰਮੀਤ ਸਿੰਘ ਵੱਲੋਂ ਸੰਪਾਦਿਤ 'ਜਲ੍ਹਿਆਂਵਾਲਾ ਬਾਗ਼: ਇਤਿਹਾਸਕ ਧਰੋਹਰ (ਵਿਰਾਸਤ ਸੰਭਾਲ ਲਈ ਸੰਘਰਸ਼)', ਪੁਸਤਕਾਂ ਅਤੇ ਸੋਵੀਨਰ, ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਲੋਕ ਅਰਪਣ ਕੀਤੀਆਂ ਜਾਣਗੀਆਂ। ਸ਼ਾਮ 4 ਤੋਂ 6 ਵਜੇ ਤੱਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ 550ਵੇਂ ਪ੍ਰਕਾਸ਼ ਪੁਰਬ ਮੌਕੇ ਵਿਚਾਰ-ਚਰਚਾ, 6 ਵਜੇ ਫੁੱਲਵਾੜੀ ਕਲਾ ਕੇਂਦਰ ਲੋਹੀਆ (ਜਗੀਰ ਜੋਸਣ) ਵੱਲੋਂ 'ਜਾਗੋ' ਕੱਢੀ ਜਾਏਗੀ। ਇਸ ਵੇਲੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ ਸੰਬੋਧਨ ਕਰਨਗੇ। ਨਾਟਕਾਂ ਭਰੀ ਰਾਤ ਦੌਰਾਨ 'ਚੱਲ ਅੰਮ੍ਰਿਤਸਰ ਲੰਡਨ ਚੱਲੀਏ' ਸੁਚੇਤਕ ਰੰਗ ਮੰਚ ਮੁਹਾਲੀ (ਅਨੀਤਾ ਸ਼ਬਦੀਸ਼), 'ਬੁੱਲਾ' ਮੰਚ ਰੰਗ ਮੰਚ ਅੰਮ੍ਰਿਤਸਰ (ਕੇਵਲ ਧਾਲੀਵਾਲ), 'ਸੰਮਾਂ ਵਾਲੀ ਡਾਂਗ' ਅਦਾਕਾਰ ਮੰਚ ਮੁਹਾਲੀ (ਡਾ. ਸਾਹਿਬ ਸਿੰਘ), 'ਕਹਾਣੀ ਵਾਲਾ ਦਿਲਗੀਰ' ਰੁਜ਼ਗਾਰ ਪ੍ਰਾਪਤੀ ਮੰਚ ਇਪਟਾ (ਵਿੱਕੀ ਮਹੇਸ਼ਰੀ) ਤੇ 'ਦੇਸ਼-ਧ੍ਰੋਹੀ ਕੌਣ?' ਮਾਨਵਤਾ ਕਲਾ ਮੰਚ ਨਗਰ (ਜਸਵਿੰਦਰ ਪੱਪੀ) ਨਾਟਕ ਖੇਡੇ ਜਾਣਗੇ। ਨਾਟਕਾਂ ਅਤੇ ਗੀਤਾਂ ਭਰੀ ਰਾਤ 2 ਨਵੰਬਰ ਸਰਘੀ ਵੇਲੇ ਤੱਕ ਜਾਰੀ ਰਹੇਗੀ। ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਲੋਕ ਸੰਗੀਤ ਮੰਚ ਮਸਾਣੀ, ਲੋਕ ਸੰਗੀਤ ਮੰਡਲੀ ਜੀਦਾ ਤੋਂ ਇਲਾਵਾ ਅੰਮ੍ਰਿਤਪਾਲ ਬਠਿੰਡਾ, ਗ਼ੁਲਾਮ ਅਲੀ, ਅਜਮੇਰ ਅਕਲੀਆ, ਲਾਡੀ ਜਟਾਣਾ, ਲਵੀ ਬੁਢਲਾਡਾ ਆਦਿ ਗੀਤ-ਸੰਗੀਤ ਪੇਸ਼ ਕਰਨਗੇ। ਮੇਲੇ 'ਚ ਇੱਕ ਨਿਵੇਕਲਾ ਮੇਲਾ ਹੋਏਗਾ 'ਪੁਸਤਕ ਮੇਲਾ', ਜਿਸ ਵਿਚ ਨਵਾਂ ਅਤੇ ਪ੍ਰਸੰਗਕ ਸਾਹਿਤ ਲੋਕਾਂ ਲਈ ਖਿੱਚ ਦਾ ਕੇਂਦਰ ਹੋਏਗਾ।



ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ.ਪਰਮਿੰਦਰ ਸਿੰਘ ਅਤੇ ਖਜ਼ਾਨਚੀ ਰਣਜੀਤ ਸਿੰਘ ਔਲਖ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ 31 ਅਕਤੂਬਰ ਸਵੇਰੇ 10 ਵਜੇ ਜਲ੍ਹਿਆਂਵਾਲਾ ਬਾਗ਼ ਅਤੇ ਗ਼ਦਰ ਲਹਿਰ ਦੇ ਸਮੂਹ ਅਮਰ ਸ਼ਹੀਦਾਂ ਦੀ ਯਾਦ 'ਚ ਸ਼ਮ੍ਹਾਂ ਰੌਸ਼ਨ ਹੋਏਗੀ। ਕਮੇਟੀ ਆਗੂਆਂ ਨੇ ਕਿਹਾ ਕਿ ਗ਼ਦਰੀ ਬਾਬਿਆਂ ਦਾ ਮੇਲਾ, ਜਲ੍ਹਿਆਂਵਾਲਾ ਬਾਗ਼ ਦੀ ਪਰਸੰਗਕਤਾ ਉਭਾਰਦੇ ਹੋਏ ਅੰਧਰਾਸ਼ਟਰਵਾਦ, ਆਰਥਿਕ, ਸਮਾਜਿਕ ਪਾੜ੍ਹੇ, ਜ਼ਬਰ ਜ਼ੁਲਮ ਦੇ ਵਿਰੁੱਧ ਅਤੇ ਲੋਕਾਂ ਦੇ ਜੀਣ ਵਾਲਾ ਸਮਾਜ ਸਿਰਜਣ ਦਾ ਹੋਕਾ ਦੇਵੇਗਾ। ਉਪਰੰਤ ਕੁਇਜ਼, ਪੇਂਟਿੰਗ, ਭਾਸ਼ਣ ਮੁਕਾਬਲੇ ਅਤੇ ਵਿਗਿਆਨਕ ਵਿਚਾਰਾਂ ਦੁਪਹਿਰ 2 ਵਜੇ, ਸ਼ਾਮ ਠੀਕ 4 ਵਜੇ ਕਵੀ ਦਰਬਾਰ ਅਤੇ 7 ਵਜੇ ਪੀਪਲਜ਼ ਵਾਇਸ ਵੱਲੋਂ 'ਕਸ਼ਮੀਰ ਦਾ ਅੱਖੀਂ ਡਿੱਠਾ ਹਾਲ' ਤੇ ਕਹਾਣੀਕਾਰ ਅਤਰਜੀਤ ਦੀ ਕਹਾਣੀ 'ਤੇ ਅਧਾਰਤ 'ਸਬੂਤੇ ਕਦਮ' ਫ਼ਿਲਮ ਸ਼ੋਅ ਹੋਏਗਾ।


ਪਹਿਲੀ ਨਵੰਬਰ ਸਵੇਰੇ 10 ਵਜੇ ਗ਼ਦਰ ਲਹਿਰ ਦਾ ਗੌਰਵਮਈ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ ਕਮੇਟੀ ਦੇ ਸਹਾਇਕ ਸਕੱਤਰ ਡਾ.ਪਰਮਿੰਦਰ। ਉਨ੍ਹਾਂ ਸਮੇਤ ਕਮੇਟੀ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਮੇਲੇ ਦਾ ਸੁਨੇਹਾ ਦੇਣਗੇ। ਉਪਰੰਤ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਵੱਲੋਂ ਲਿਖਿਆ ਝੰਡੇ ਦਾ ਗੀਤ 'ਮਿੱਟੀ ਦੀ ਵੰਗਾਰ' ਸੰਗੀਤ-ਨਾਟ ਦੇ ਰੂਪ 'ਚ ਦਰਜਣਾਂ ਕਲਾਕਾਰਾਂ ਵੱਲੋਂ ਪੇਸ਼ ਕੀਤਾ ਜਾਏਗਾ। ਝੰਡੇ ਦੇ ਗੀਤ ਪਿੱਛੋਂ






## 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ

# 'ਹਮ ਨਹੀਂ ਚੰਗੇ ਬੁਰਾ ਨਹੀਂ ਕੋਇ'



**'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਸੰਸਾਰ ਦਾ ਇਕ ਪਵਿੱਤਰ ਧਰਮ ਗ੍ਰੰਥ ਹੈ ਤੇ ਸਿੱਖਾਂ ਦਾ ਇਹ ਸਦੀਵੀ ਗੁਰੂ ਹੈ ਕਿਉਂਕਿ ਇਹ ਧਰਮ ਗ੍ਰੰਥ ਵਿਸ਼ਵ ਵਿਆਪੀ ਪੱਧਰ ਦੇ, ਧਰਮ ਦੇ ਬਿਲਕੁਲ ਅਨੁਕੂਲ ਹੈ। ਵਿਸ਼ਵ ਵਿਆਪੀ ਪੱਧਰ ਦੇ ਕਈ ਫਿਲਾਸਫ਼ਰ ਤੇ ਧਰਮ ਗੁਰੂ ਇਸ ਧਰਮ ਗ੍ਰੰਥ ਬਾਰੇ ਇਹ ਸੋਚਦੇ ਹਨ ਕਿ ਇਹ ਵਿਸ਼ਵ ਪੱਧਰ 'ਤੇ ਮਾਨਵਤਾ ਦਾ ਕਲਿਆਣ ਕਰਨ ਲਈ ਤੇ ਮਾਨਵ ਨੂੰ ਵਧੀਆ ਜੀਵਨ ਜਾਂਚ ਸਿਖਾਉਣ ਲਈ ਗੁਣਾਂ ਦਾ ਇਕ ਉੱਤਮ ਤੇ ਵਿਲੱਖਣ ਖ਼ਜ਼ਾਨਾ ਹੈ ਕਿਉਂਕਿ ਇਹ ਸਿੱਖਾਂ ਦਾ ਗੁਰੂ ਹੈ। ਇਸ ਦਾ ਸਤਿਕਾਰ ਤੇ ਇਸ 'ਚ ਸ਼ਰਧਾ ਰੱਖਣਾ ਸਿੱਖ ਸੰਗਤ ਦਾ ਪਰਮ ਧਰਮ ਹੈ। ਸੰਨ 2004 'ਚ ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਰਾਈ ਗਈ ਸੰਪਾਦਲਾ ਦੇ 400 ਸਾਲ ਪੂਰੇ ਹੋਣ 'ਤੇ ਇਸ ਦੀ 400 ਸਾਲਾ ਸ਼ਤਾਬਦੀ ਬੜੇ ਹਰਸ਼ੋਉਲਾਸ ਨਾਲ ਸੰਸਾਰ ਪੱਧਰ 'ਤੇ ਮਨਾਈ ਗਈ ਸੀ।**

ਸਤਾਰਵੀਂ ਸਦੀ 'ਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਰਚਨਾ ਜਿਸ ਨੇ ਭਾਰਤੀ ਸਮਾਜ ਵਿਚ ਇਕ ਨਵੇਂ ਸਰਬ-ਸਾਂਝੇ ਸਭਿਆਚਾਰਕ ਸਮਾਜ ਦੀ ਸਿਰਜਣਾ ਕੀਤੀ, ਜਿਸ ਦਾ ਮੁੱਖ ਉਦੇਸ਼ ਸਮਾਜਿਕ ਬਰਾਬਰੀ, ਕਿਰਤ ਪ੍ਰਧਾਨਤਾ ਤੇ ਅਧਿਆਤਮਿਕਤਾ ਦੇ ਨਾਲ-ਨਾਲ ਮਨੁੱਖ ਨੂੰ ਸਿਧਾਂਤਕ ਜੀਵਨ ਜਾਚ ਪ੍ਰਦਾਨ ਕਰਨਾ, ਮਨੁੱਖ ਨੂੰ ਮਨੁੱਖੀ ਪ੍ਰੀਤ ਨਾਲ ਜੋੜਨਾ, ਭਾਈਚਾਰਕ ਸਮਾਜਿਕ ਬਰਾਬਰੀ ਤੇ ਸਾਂਝੀਵਾਲਤਾ ਲਿਆਉਣਾ, ਅਧਿਆਤਮਕ ਉਪਦੇਸ਼ ਦੇਣਾ ਤੇ ਬੁਰਾਈਆਂ ਨਾਲ ਸੰਗਰਾਮ ਕਰਨਾ, ਇਸ ਦਾ ਮੁੱਖ ਨਿਸ਼ਾਨਾ ਬ੍ਰਾਹਮਣਵਾਦ, ਜਾਤੀਵਾਦ, ਊਚ-ਨੀਚ, ਛੂਤ-ਛਾਤ, ਦੇਵੀ-ਦੇਵਤੇ, ਤੀਰਥਾਂ ਦਾ ਭ੍ਰਮਣ ਤੇ ਇਸ਼ਨਾਨ, ਪੁੰਨਦਾਨ, ਪਾਖੰਡ, ਨਗਨਤਾ, ਝੂਠ-ਫਰੇਬ, ਮੂਰਖਤਾ, ਜ਼ੁਲਮ ਤੇ ਅਪਰਾਧ, ਠੱਗੀ, ਅਧਰਮ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਤੇ ਇਸੇ ਜੀਵਨ 'ਚ ਇਸੇ ਧਰਤੀ 'ਤੇ ਮਨੁੱਖ ਨੂੰ ਮਨ ਦੇ ਵਕਾਰਾਂ ਤੋਂ ਮੁਕਤ ਕਰਨਾ ਤੇ ਨਿਰਵਾਣ ਪਦ ਧਾਰਨ ਕਰਨਾ ਹੈ। ਇਹਨਾਂ ਦਾ ਮਰਨ ਮਗਰੋਂ ਕਿਸੇ ਵੀ ਜੀਵਨ ਨਾਲ ਕੋਈ ਸਬੰਧ ਨਹੀਂ ਹੈ। 'ਗੁਰੂ ਗ੍ਰੰਥ ਸਾਹਿਬ ਜੀ' ਦੀ ਇਸੇ ਵਿਲੱਖਣਤਾ ਤੇ ਇਸ ਵਿਚ ਸਮੋਈ ਲਾਸਾਨੀ ਸਾਂਝੀਵਾਲਤਾ ਤੋਂ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਜੀ ਬਹੁਤ ਪ੍ਰਭਾਵਿਤ ਸਨ ਤੇ ਉਹਨਾਂ ਨੇ ਕਿਹਾ ਸੀ ਕਿ, ''ਉਸ ਸਦੀਵੀ ਸੱਚ ਦੀ ਆਵਾਜ਼ ਜਿਸ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਵੇਦਨਾ ਦੀ ਨਿਰਮਲਤਾ ਅਤੇ ਸ਼ਰਧਾ ਦੀ ਤੀਬਰਤਾ ਨੇ ਸ਼ਿੰਗਾਰਿਆ ਹੋਵੇ, ਅੱਗੇ ਸਾਗਰਾਂ ਅਤੇ ਪਹਾੜਾਂ ਦੀਆਂ ਰੋਕਾਂ ਰਾਹ ਖੋਲ੍ਹ ਦੇਣਗੀਆਂ।



ਪ੍ਰੋ: ਐਚ.ਐਲ.ਕਪੂਰ

'ਪੰਜਾਬ ਸਾਹਿਤ ਦੇ ਇਤਿਹਾਸ' 'ਚ ਸਤਾਰਵੀਂ ਸਦੀ ਦੇ ਕਾਲ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਸੁਨਹਿਰੀ ਯੁੱਗ ਕਿਹਾ ਜਾਂਦਾ ਹੈ ਕਿਉਂਕਿ 1604 ਈਸਵੀ 'ਚ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਕੀਤੀ ਤੇ ਇਸ 'ਚ ਕੋਈ 36 ਮਹਾਂਪੁਰਸ਼ਾਂ ਦੀ ਕਾਵਿ ਰਚਨਾ, ਜਿਸ ਨੂੰ ਗੁਰਮਤਿ 'ਚ ਬਾਣੀ ਦਾ ਨਾਮ ਦਿੱਤਾ ਗਿਆ ਹੈ, ਦਰਜ ਕਰਕੇ ਇਕ ਮਹਾਨ ਕਾਰਜ ਕੀਤਾ ਸੀ। ਇਸ 'ਚ ਕੋਈ ਛੇ ਸੌ ਸਾਲਾਂ ਦੇ ਮਹਾਂਪੁਰਸ਼ਾਂ ਤੇ ਵੱਖ-ਵੱਖ ਵਰਗਾ ਦੇ ਰਹਿਬਰਾਂ ਦੀ ਕਾਵਿਕ ਰਚਨਾ ਦਰਜ ਹੈ। ਸੰਸਾਰ ਦੇ ਸਾਹਿਤ ਦੇ ਇਤਿਹਾਸ 'ਚ ਕਿਸੇ ਅਜਿਹੇ ਧਾਰਮਿਕ ਗ੍ਰੰਥ ਦੀ ਹੋਰ ਰਚਨਾ ਦੀ ਮਿਸਾਲ ਨਹੀਂ ਮਿਲਦੀ। ਇਸ ਮਹਾਨ ਕਾਰਜ ਦਾ ਸਾਰਾ ਸਿਹਰਾ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਾਂਦਾ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਸੰਸਾਰ ਦਾ ਇਕ ਪਵਿੱਤਰ ਧਰਮ ਗ੍ਰੰਥ ਹੈ ਤੇ ਸਿੱਖਾਂ ਦਾ ਇਹ ਸਦੀਵੀ ਗੁਰੂ ਹੈ ਕਿਉਂਕਿ ਇਹ ਧਰਮ ਗ੍ਰੰਥ ਵਿਸ਼ਵ ਵਿਆਪੀ ਪੱਧਰ ਦੇ, ਧਰਮ ਦੇ ਬਿਲਕੁਲ ਅਨੁਕੂਲ ਹੈ। ਵਿਸ਼ਵ ਵਿਆਪੀ ਪੱਧਰ ਦੇ ਕਈ ਫਿਲਾਸਫ਼ਰ ਤੇ ਧਰਮ ਗੁਰੂ ਇਸ ਧਰਮ ਗ੍ਰੰਥ ਬਾਰੇ ਇਹ ਸੋਚਦੇ ਹਨ ਕਿ ਇਹ ਵਿਸ਼ਵ ਪੱਧਰ 'ਤੇ ਮਾਨਵਤਾ ਦਾ ਕਲਿਆਣ ਕਰਨ ਲਈ ਤੇ ਮਾਨਵ ਨੂੰ ਵਧੀਆ ਜੀਵਨ ਜਾਂਚ ਸਿਖਾਉਣ ਲਈ ਗੁਣਾਂ ਦਾ ਇਕ ਉੱਤਮ ਤੇ ਵਿਲੱਖਣ ਖ਼ਜ਼ਾਨਾ ਹੈ ਕਿਉਂਕਿ ਇਹ ਸਿੱਖਾਂ ਦਾ ਗੁਰੂ ਹੈ। ਇਸ ਦਾ ਸਤਿਕਾਰ ਤੇ ਇਸ 'ਚ ਸ਼ਰਧਾ ਰੱਖਣਾ ਸਿੱਖ ਸੰਗਤ ਦਾ ਪਰਮ ਧਰਮ ਹੈ। ਸੰਨ 2004 'ਚ ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਰਾਈ ਗਈ ਸੰਪਾਦਲਾ ਦੇ 400 ਸਾਲ ਪੂਰੇ ਹੋਣ 'ਤੇ ਇਸ ਦੀ 400 ਸਾਲਾ ਸ਼ਤਾਬਦੀ ਬੜੇ ਹਰਸ਼ੋਉਲਾਸ ਨਾਲ ਸੰਸਾਰ ਪੱਧਰ 'ਤੇ ਮਨਾਈ ਗਈ ਸੀ। ਸੰਨ 2004 ਵਿਚ ਹੀ ਸਿੱਖ ਸੰਗਤ ਵੱਲੋਂ ਇਸ ਦੀ ਸੰਪੂਰਨਤਾ ਦੀ ਤਿੰਨ ਸੌ ਸਾਲਾ ਸ਼ਤਾਬਦੀ ਵੀ ਬੜੀ ਧੂੰਮ-ਧਾਮ ਨਾਲ ਮਨਾਈ ਗਈ ਸੀ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸੰਪੂਰਨਤਾ 1704 ਈਸਵੀ 'ਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਭਾਈ ਮਨੀ ਸਿੰਘ ਜੀ ਤੋਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰਵਾ ਕੇ ਦਮਦਮਾ ਸਾਹਿਬ ਵਿਖੇ ਕਰਵਾਈ ਸੀ। ਗੁਰੂ ਗ੍ਰੰਥ ਸਾਹਿਬ ਜੀ 'ਚ ਛੇਵੇਂ, ਸੱਤਵੇਂ, ਅੱਠਵੇਂ ਤੇ ਦਸਵੇਂ ਗੁਰੂ ਸਾਹਿਬਾਨ ਦੀ ਬਾਣੀ ਦਰਜ ਨਹੀਂ ਹੈ ਕਿਉਂਕਿ ਉਹਨਾਂ ਨੇ ਬਾਣੀ ਦੀ ਰਚਨਾ ਕੀਤੀ ਹੀ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਕਾਵਿ ਰਚਨਾ ਨੂੰ ਬੜੇ ਸਤਿਕਾਰ ਨਾਲ 'ਗੁਰਬਾਣੀ' ਕਿਹਾ ਜਾਂਦਾ ਹੈ। ਇਸ ਦਾ ਅਰਥ ਹੈ ਗੁਰੂ ਸਾਹਿਬ ਜੀ ਵੱਲੋਂ ਕਹੇ ਗਏ ਸ਼ਬਦ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਦਰਜ ਹਨ। ਇਹਨਾਂ ਸ਼ਬਦਾਂ ਨੂੰ ਗਾ ਕੇ ਜਾਂ ਪੜ੍ਹ ਕੇ ਜਾਂ ਇਹਨਾਂ ਦੀ ਵਿਆਖਿਆ ਕਰਕੇ ਇਨ੍ਹਾਂ 'ਚ ਦਿੱਤੇ ਗਏ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਸੰਗਤਾਂ 'ਚ ਪਹੁੰਚਾਇਆ ਜਾਂਦਾ ਹੈ। ਸਿੱਖ ਧਰਮ 'ਚ ਇਹਨਾਂ ਸ਼ਬਦਾਂ ਦੀ ਵਿਦਵਤਾ ਨੂੰ ਹੀ 'ਸ਼ਬਦ ਗੁਰੂ' ਕਿਹਾ ਜਾਂਦਾ ਹੈ ਨਾ ਕਿ ਕਿਸੇ ਇਨਸਾਨ ਨੂੰ, ਜੋ ਦੇਹਧਾਰੀ ਹੋਵੇ। ਸਮੇਂ-ਸਮੇਂ 'ਤੇ ਪੈਦਾ ਹੋਏ ਸੰਤ ਮਹਾਂਪੁਰਸ਼ਾਂ ਦੇ ਮੁਖਾਰਬਿੰਦ 'ਚੋਂ ਨਿਕਲੇ ਹੋਏ ਸ਼ਬਦਾਂ ਨੂੰ ਦੇਵੀ ਸੰਦੇਸ਼ ਜਾਂ ਆਕਾਸ਼ਵਾਣੀ ਦੇ ਤੌਰ 'ਤੇ ਪ੍ਰਗਟ ਕੀਤਾ ਜਾਂਦਾ ਹੈ। ਜਿਹੜੀ ਕਾਵਿ ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਦਰਜ ਨਹੀਂ ਕੀਤਾ ਗਿਆ, ਉਸ ਨੂੰ ਗੁਰੂ ਸਾਹਿਬਾਨ ਦੀ ਬਾਣੀ ਨਹੀਂ ਮੰਨਿਆ ਜਾਂਦਾ ਤੇ ਉਸ 'ਚ ਦਰਜ ਸੰਦੇਸ਼ਾਂ ਨੂੰ ਗੁਰੂ ਸਾਹਿਬਾਨ ਦੇ ਸੰਦੇਸ਼ ਵੀ ਨਹੀਂ ਮੰਨਿਆ ਜਾਂਦਾ। ਇਸ ਬਾਹਰੀ ਬਾਣੀ ਨੂੰ ਗੁਰੂ ਘਰਾਂ 'ਚ ਇਕੱਤਰ ਸੰਗਤ 'ਚ ਪੜ੍ਹਨ ਤੇ ਵਿਆਖਣ ਦੀ ਮਨਾਹੀ ਹੈ। ਸਿਰਫ਼ ਗੁਰੂ ਗੋਬਿੰਦ ਸਿੰਘ ਜੀ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀਆਂ ਸਿਰਜੀਆਂ ਰਚਨਾਵਾਂ ਦੀ ਹੀ ਗਾਉਣ, ਪੜ੍ਹਨ ਤੇ ਵਿਆਖਿਆ ਕਰਨ ਦੀ ਆਗਿਆ ਹੈ। ਜਿਹੜੇ ਵੀ ਗੁਰਬਾਣੀ ਦੇ ਅਧਿਆਪਕ, ਗ੍ਰੰਥੀ, ਧਰਮ ਪ੍ਰਚਾਰਕ ਤੇ ਸੰਤ ਮਹਾਂਪੁਰਸ਼ ਇਹਨਾਂ ਦੀਆਂ ਰਚਨਾਵਾਂ 'ਚ ਦਿੱਤੇ ਗਏ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਮੇਲ ਖਾਂਦੇ ਵਿਚਾਰ ਜਾਂ ਸਿੱਖਿਆਵਾਂ ਦਾ ਪ੍ਰਚਾਰ ਕਰਦੇ ਹਨ, ਉਹਨਾਂ ਸ਼ਖਸੀਅਤਾਂ ਦਾ ਸਿੱਖ ਸੰਗਤ ਬਹੁਤ ਮਾਣ-ਸਤਿਕਾਰ ਕਰਦੀ ਹੈ।

ਸਿੱਖ ਗੁਰੂ ਗ੍ਰੰਥ ਸਾਹਿਬ 'ਚ ਅਟੁੱਟ ਵਿਸ਼ਵਾਸ ਰੱਖਦੇ ਹਨ। ਇਸ ਦਾ ਪੂਰਾ ਸਤਿਕਾਰ ਕਰਦੇ ਹਨ। ਇਸ ਨੂੰ ਪ੍ਰਮਾਤਮਾ ਦਾ ਪ੍ਰਤੱਖ ਰੂਪ ਜਾਣ ਕੇ ਇਸ ਦੇ ਆਦੇਸ਼ਾਂ ਨੂੰ ਮੰਨਦੇ ਹਨ। ਹੁਣ ਉਹ 'ਸ਼ਬਦ ਗੁਰੂ' ਤੋਂ ਇਲਾਵਾ ਕਿਸੇ ਹੋਰ ਦੇਹਧਾਰੀ ਗੁਰੂ ਨੂੰ ਨਹੀਂ ਮੰਨਦੇ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 20 ਅਕਤੂਬਰ, 1708 ਈਸਵੀ ਨੂੰ ਆਪਣੇ ਜੋਤੀ-ਜੋਤ ਸਮਾਉਣ ਤੋਂ ਕੁਝ ਸਮਾਂ ਪਹਿਲਾਂ ਨਾਂਦੇੜ ਵਿਖੇ ਇਕ ਬਹੁਤ ਵੱਡੇ ਇਕੱਠ 'ਚ ਸਿੱਖ ਸੰਗਤਾਂ ਨੂੰ ਇਹੀ ਆਦੇਸ਼ ਦਿੱਤਾ ਸੀ ਕਿ ਉਹ 'ਸ਼ਬਦ' ਨੂੰ ਹੀ 'ਗੁਰੂ' ਮੰਨਣ।

ਜਿਹੜੇ ਸਿੱਖ ਗੁਰੂ ਨੂੰ ਦੇਖਣ ਦੀ ਇੱਛਾ ਰੱਖਦੇ ਹਨ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਦਰਜ ਸ਼ਬਦਾਂ 'ਚੋਂ ਮਿਲਣ ਵਾਲੀ ਸਿੱਖਿਆ ਨੂੰ ਹੀ ਗੁਰੂ ਸਮਝਣ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦੇਸ਼ਾਂ ਦੀ ਹੀ ਪਾਲਣਾ ਕਰਨ। ਇਸ 'ਚ ਦਿੱਤੀਆਂ ਹੋਈਆਂ ਸਿੱਖਿਆਵਾਂ ਨੂੰ ਹੀ ਗੁਰੂ ਦਾ ਪ੍ਰਤੱਖ ਰੂਪ ਸਮਝਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ 36 ਰਚਨਾਕਾਰਾਂ ਦੀ ਬਾਣੀ ਦਰਜ ਹੈ। ਇਹ ਸਮੁੱਚੀ ਬਾਣੀ ਧੁਨੀ ਵਿਗਿਆਨ ਦੇ ਆਧਾਰ 'ਤੇ 22 ਭਾਸ਼ਾਵਾਂ ਦੀ ਸ਼ਬਦਾਵਲੀ ਦਾ ਸੰਗ੍ਰਹਿ ਹੈ, ਜਿਸ ਲਈ ਗੁਰਮੁਖੀ ਲਿਪੀ ਦਾ ਪ੍ਰਯੋਗ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਅੰਗ (ਪੰਨੇ), 511,874 ਸ਼ਬਦ, 1720,345 ਅੱਖਰ ਤੇ 28,534 ਪੰਕਤੀਆਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੀ ਸੰਪੂਰਨਤਾ ਜਿਵੇਂ ਕੀਤੀ ਸੀ, ਉਸ 'ਚ ਅੱਜ ਤੱਕ ਕੋਈ ਪਰਿਵਰਤਨ ਨਹੀਂ ਕੀਤਾ ਗਿਆ ਤੇ ਇਸ ਦਾ ਸਰੂਪ ਜਿਉਂ ਦਾ ਤਿਉਂ ਹੀ ਹੈ।

ਸਾਰੀਆਂ ਸੰਸਥਾਵਾਂ ਤੇ ਗੁਰੂ ਘਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਸੁਰੱਖਿਆ ਦਾ ਵਿਸ਼ੇਸ਼ ਪ੍ਰਬੰਧ ਕਰਦੀਆਂ ਹਨ ਤਾਂ ਕਿ ਇਸ ਦੇ ਸਰੂਪਾਂ ਦਾ ਕੋਈ ਨੁਕਸਾਨ ਨਾ ਕਰ ਸਕੇ। ਇਸ ਦੇ ਸਰੂਪਾਂ ਨੂੰ ਬਹੁਤ ਹੀ ਪਵਿੱਤਰ ਤੇ ਸੁਰੱਖਿਅਤ ਸਥਾਨ 'ਤੇ ਰੱਖਿਆ ਜਾਂਦਾ ਹੈ ਤੇ ਇਹਨਾਂ ਦੀ ਸੰਭਾਲ ਇਵੇਂ ਹੀ ਕੀਤੀ ਜਾਂਦੀ ਹੈ, ਜਿਵੇਂ ਕਿ ਪ੍ਰਮਾਤਮਾ ਦਾ ਪ੍ਰਤੱਖ ਰੂਪ ਹੀ ਹੋਣ। ਅੱਜ ਦੇ ਵਿਗਿਆਨਕ ਯੁੱਗ 'ਚ ਇਹਨਾਂ ਸਰੂਪਾਂ ਦੀ ਸੰਭਾਲ ਲਈ ਸਭ ਤੋਂ ਵੱਧ ਸਿਧਾਂਤਕ, ਪਵਿੱਤਰ ਤੇ ਸੁਰੱਖਿਅਤ ਤਰੀਕਾ ਇਲੈਕਟ੍ਰਾਨਿਕ ਪ੍ਰਿੰਟਿੰਗ ਮਾਧਿਅਮ ਹੀ ਬਣ ਗਿਆ ਹੈ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭ 'ਚ ਸਥਾਪਨਾ ਹੋਈ ਸੀ ਤਾਂ ਗੁਰੂ ਸਾਹਿਬਾਨ ਇਸ ਦੀਆਂ ਹੱਥ ਲਿਖਤ ਬੀੜਾਂ ਦਾ ਹੀ ਪ੍ਰਯੋਗ ਕਰਦੇ ਹਨ ਤੇ ਉਸ ਸਮੇਂ ਹੱਥ ਨਾਲ ਬੀੜਾਂ ਲਿਖਣ ਸਮੇਂ ਬਹੁਤ ਅਹਿਤਿਆਤ ਵਰਤੀ ਜਾਂਦੀ ਸੀ ਤੇ ਇਹਨਾਂ ਬੀੜਾਂ ਦੀ ਪਵਿੱਤਰਤਾ ਦਾ ਪੂਰਾ ਧਿਆਨ ਰੱਖਿਆ ਜਾਂਦਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਰਚਨਾ ਦਾ ਕਾਵਿਕ ਰੂਪ ਹੈ। ਇਸੇ ਲਈ ਹੀ ਇਸ 'ਚ ਕਿਸੇ ਤਰ੍ਹਾਂ ਦਾ ਰਲਾਅ ਜਾਂ ਮਿਲਾਵਟ ਦੀ ਕੋਈ ਗੁੰਜਾਇਸ਼ ਨਹੀਂ ਹੈ ਤੇ ਆਪਣੇ ਕਾਵਿਕ ਰੂਪ ਕਾਰਨ ਹੀ ਲੋਕ ਦਿਲਾਂ 'ਤੇ ਆਪਣਾ ਪੂਰਾ ਪ੍ਰਭਾਵ ਛੱਡਦਾ ਹੈ। ਇਸ ਲਈ ਕੁਝ ਵਿਦਵਾਨ, ''ਇਸ ਦੀ ਤਾਕਤ ਨੂੰ ਇਕ ਬਹੁਤ ਹੀ ਪ੍ਰਭਾਵਸ਼ਾਲੀ ਸਾਹਿਤਕ ਤੇ ਸ਼ਾਬਦਿਕ ਤਾਕਤ ਮੰਨਦੇ ਹਨ ਤੇ ਕੋਈ ਵੀ ਟੀਕਾਕਾਰ ਜਾਂ ਵਿਆਖਿਆਕਾਰ ਇਸ ਦੇ ਕਾਵਿਕ ਰੂਪ ਜਿੰਨਾ ਸੁੰਦਰ ਪ੍ਰਭਾਵ, ਆਪਣੇ ਵਿਚਾਰਾਂ 'ਚ ਪ੍ਰਗਟਾ ਨਹੀਂ ਕਰ ਸਕਦਾ।'' ਅਗਾਂਹ ਆਉਣ ਵਾਲੇ ਸਮੇਂ 'ਚ ਵੀ ਇਸ ਦੇ ਕਾਵਿਕ ਰੂਪ ਦਾ ਪ੍ਰਭਾਵ, ਇਸੇ ਤਰ੍ਹਾਂ ਹੀ ਬਣਿਆ ਰਹੇਗਾ।

ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਿਸ਼ੇਸ਼ਤਾਵਾਂ ਹੀ ਇਸ ਨੂੰ ਦੁਨੀਆਂ ਦੇ ਸਭ ਧਰਮ ਗ੍ਰੰਥਾਂ ਦੇ ਮੁਕਾਬਲੇ 'ਚ ਸਰਵਸ਼੍ਰੇਸ਼ਟ ਸਥਾਨ 'ਤੇ ਰੱਖਦੀਆਂ ਹਨ। ਇਸ ਤੋਂ ਇਲਾਵਾ ਸਿਰਫ਼ ਇਹੀ ਧਰਮ ਗ੍ਰੰਥ ਹੈ, ਜਿਸ 'ਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਨੂੰ ਬੋਲ ਕੇ ਲਿਖਾਇਆ ਗਿਆ, ਸੰਪਾਦਿਤ ਕੀਤਾ ਗਿਆ, ਗਲਤੀਆਂ ਦਾ ਸ਼ੁੱਧੀਕਰਨ ਕੀਤਾ ਗਿਆ ਤੇ ਹਸਤਾਖਰ ਕੀਤੇ ਗਏ ਤੇ ਇਸ ਨੂੰ, ਇਸ ਦੇ ਬਾਨੀਆਂ ਨੇ ਆਪਣੇ ਜੀਵਨ ਕਾਲ 'ਚ ਹੀ ਪ੍ਰਮਾਣਿਕਤਾ ਦਿੱਤੀ। ਇਹਨਾਂ ਵਿਲੱਖਣ ਵਿਸ਼ੇਸ਼ਤਾਵਾਂ ਦੀ ਮਦਦ ਨਾਲ ਹੀ ਸਿੱਖ ਧਰਮ ਸੁਰੱਖਿਅਤ ਰਹਿ ਸਕਿਆ ਹੈ, ਭਾਵੇਂ ਕਿ ਇਸ 'ਤੇ ਪਿਛਲੀਆਂ ਪੰਜ ਸਦੀਆਂ ਤੋਂ ਇਸ ਨੂੰ ਤਬਾਹ ਕਰਨ ਲਈ ਅਨੇਕਾਂ ਮਾਰੂ ਹਮਲੇ ਹੁੰਦੇ ਆ ਰਹੇ ਹਨ, ਨੂੰ ਸਹਿ ਸਕਿਆ ਹੈ। ਇਸੇ ਲਈ ਹੀ ਇਸ ਦੀ ਕਈ ਸਦੀਆਂ ਤੋਂ ਪਵਿੱਤਰਤਾ ਤੇ ਸੁਰੱਖਿਆ ਬਣੀ ਹੋਈ ਹੈ ਤੇ ਇਸ 'ਚ ਕੋਈ ਵੀ ਕਿਸੇ ਤਰ੍ਹਾਂ ਦਾ ਰਲਾਅ ਨਹੀਂ ਕਰ ਸਕਿਆ ਹੈ।

ਦਮਦਮਾ ਸਾਹਿਬ ਵਾਲੇ ਪਹਿਲੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਅਨੇਕਾਂ ਵਾਰ ਸਰੂਪ ਛਪ ਚੁੱਕੇ ਹਨ। ਅੱਜਕਲ੍ਹ ਦੇ ਵਿਗਿਆਨਕ ਯੁੱਗ ਨੇ ਇਸ ਦੀ ਪੜ੍ਹਾਈ ਕਰਨਾ, ਹੋਰ ਵੀ ਆਸਾਨ ਕਰ ਦਿੱਤਾ ਹੈ ਤੇ ਇਸਦੇ ਦਮਦਮੀ ਸਰੂਪ ਨੂੰ ਕਈ ਵੈਬਸਾਈਟਾਂ 'ਤੇ ਦੇਖਿਆ ਜਾ ਸਕਦਾ ਹੈ ਤੇ ਇੱਥੇ ਇਸ ਨੂੰ ਦੇਖਣ ਤੇ ਪੜ੍ਹਨ ਦਾ ਕੋਈ ਪੈਸਾ ਨਹੀਂ ਅਦਾ ਕਰਨਾ ਪੈਂਦਾ। ਇਸ ਤੋਂ ਇਲਾਵਾ ਇਸ ਦੇ ਸਰੂਪਾਂ ਨੂੰ ਹਿੰਦੀ, ਸਿੰਧੀ ਭਾਸ਼ਾਵਾਂ 'ਚ ਤੇ ਰੋਮਨ ਅੰਗਰੇਜ਼ੀ 'ਚ ਤਰਜਮਾ ਵੀ ਵੈਬਸਾਈਟ 'ਤੇ ਦੇਖਿਆ ਜਾ ਸਕਦਾ ਹੈ। ਇਸ ਦੇ ਨਾਲ-ਨਾਲ ਇਸ ਦਾ ਤਰਜਮਾ ਫਰੈਂਚ, ਸਪੈਨਿਸ਼, ਪੰਜਾਬੀ, ਹਿੰਦੀ, ਸਿੰਧੀ ਤੇ ਜਰਮਨ ਭਾਸ਼ਾਵਾਂ 'ਚ ਵੀ ਮੌਜੂਦ ਹੈ। ਇਸ ਤੋਂ ਇਲਾਵਾ ਇਸ ਦਾ ਤਰਜਮਾ ਥਾਈ, ਉੜਦੂ, ਹੈਬਰਿਊ, ਚੀਨੀ ਭਾਸ਼ਾ ਤੇ ਹੋਰ ਕਈ ਭਾਰਤੀ ਭਾਸ਼ਾਵਾਂ 'ਚ ਤਿਆਰ ਹੋ ਰਿਹਾ ਹੈ।

1604 ਈਸਵੀ 'ਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੇ ਮੁੱਖ ਤੀਰਥ ਅਸਥਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਸਥਾਪਨਾ ਕਰ ਦਿੱਤੀ। ਇਸ ਤੋਂ ਬਾਅਦ ਇਸ ਦਾ ਵਿਰੋਧ ਕਰਨ ਵਾਲਿਆਂ ਨੇ ਜੋ ਕਿ ਸਿੱਖ ਧਰਮ ਦੇ ਦੋਖੀ ਸਨ ਨੇ ਕਿਹਾ, "ਸਿੱਖ ਧਰਮ ਦੀ ਗੱਦੀ 'ਤੇ ਗੁਰੂ ਅਰਜਨ ਦੇਵ ਜੀ ਦਾ ਅਧਿਕਾਰ ਨਹੀਂ ਹੈ, ਸਗੋਂ ਸਾਡਾ ਅਧਿਕਾਰ ਹੈ ਤੇ ਉਹਨਾਂ ਨੇ 'ਸ੍ਰੀ ਆਦਿ ਗ੍ਰੰਥ ਸਾਹਿਬ ਜੀ' ਦੀ ਬੀੜ 'ਤੇ ਕਬਜ਼ਾ ਕਰ ਲਿਆ ਤੇ ਇਸ 'ਤੇ ਆਪਣੀ ਮਾਲਕੀ ਦਾ ਐਲਾਨ ਕਰ ਦਿੱਤਾ। ਇਹ ਵਿਰੋਧੀ ਧੜਾ ਸਿੱਖ ਧਰਮ ਦੀ ਮੁੱਖ ਧਾਰਾ 'ਚ ਵੀ ਸ਼ਾਮਲ ਨਹੀਂ ਹੋਣਾ ਚਾਹੁੰਦੇ ਸਨ।' ਗੁਰੂ ਗੋਬਿੰਦ ਸਿੰਘ ਜੀ ਨੇ 'ਸ੍ਰੀ ਆਦਿ ਗ੍ਰੰਥ ਸਾਹਿਬ ਜੀ' ਦੀ ਬੀੜ ਦਾ ਪੁਨਰ ਸਿਰਜਣ ਕਰਨ ਲਈ ਇਸ ਨੂੰ ਆਪਣੇ ਕਬਜ਼ੇ 'ਚ ਕਰ ਲਿਆ ਤੇ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਵੀ ਇਸ 'ਚ ਦਰਜ ਕਰ ਦਿੱਤਾ। ਇਸ ਤਰ੍ਹਾਂ ਹੁਣ ਇਸ 'ਸ੍ਰੀ ਗੁਰੂ ਆਦਿ ਗ੍ਰੰਥ ਸਾਹਿਬ ਜੀ' 'ਚ ਛੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੋ ਗਈ। ਇਹ ਸਾਰਾ ਕਾਰਜ ਗੁਰੂ ਸਾਹਿਬ ਨੇ ਆਪ ਬੋਲ ਕੇ, ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਮਨੀ ਸਿੰਘ ਜੀ ਤੋਂ ਕਰਵਾਇਆ। ਇਹ ਕਾਰਜ ਸ੍ਰੀ ਆਨੰਦਪੁਰ ਸਾਹਿਬ ਤੇ ਸ੍ਰੀ ਦਮਦਮਾ ਸਾਹਿਬ ਵਿਖੇ 1704 ਈਸਵੀ 'ਚ ਪੰਜਾਂ ਸਾਲਾਂ 'ਚ ਮੁਕੰਮਲ ਹੋਇਆ। ਇਹ ਕਾਰਜ ਪੂਰਾ ਹੋਣ ਨਾਲ ਸ੍ਰੀ ਦਮਦਮਾ ਸਾਹਿਬ ਦੀ ਜਗ੍ਹਾ ਵੀ ਹਮੇਸ਼ਾ ਲਈ ਅਮਰ ਹੋ ਗਈ।

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਮਾਨਵਤਾਵਾਦੀ ਸਿਧਾਂਤ ਅੱਜਕਲ੍ਹ ਦੇ ਫਿਰਕਾਪ੍ਰਸਤੀ ਤੇ ਕੱਟੜਤਾ ਦੇ ਯੁੱਗ 'ਚ ਬੜਾ ਲਾਸਾਨੀ ਤੇ ਇਕ ਕਾਰਗਰ ਹਥਿਆਰ ਹੈ, ਜਿਸ ਨਾਲ ਭਾਈਚਾਰਕ ਸਾਂਝੀਵਾਲਤਾ ਤੇ ਸਮਾਜਿਕ ਬਰਾਬਰੀ ਲਿਆਂਦੀ ਜਾ ਸਕਦੀ ਹੈ। ਇਹ ਮਨੁੱਖਤਾ ਦੀ ਸਾਂਝੀ ਵਿਰਾਸਤ ਹੈ, ਜਿਹੜੀ ਫਿਰਕਾਪ੍ਰਸਤੀ ਤੇ ਮਨੁੱਖ ਨੂੰ ਹਰ ਪ੍ਰਕਾਰ ਦੇ ਬੰਧਨਾਂ ਤੋਂ ਮੁਕਤ ਕਰਵਾ ਸਕਦੀ ਹੈ। ਇਸ ਸਬੰਧੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਬਾਣੀ ਦੀ ਬੁਨਿਆਦੀ ਵਿਸ਼ੇਸ਼ਤਾ ਸਮਝਣ ਦੀ ਲੋੜ ਹੈ। ਬਾਣੀ ਹਰ ਤਰ੍ਹਾਂ ਦੇ ਵਿਤਕਰੇ ਦਾ ਵਿਰੋਧ ਕਰਦੀ ਹੈ, ਭਾਵੇਂ ਉਹ ਵਿਤਕਰਾ ਧਰਮ ਜਾਤੀ, ਲਿੰਗ, ਰੰਗ-ਭੇਦ ਜਾਂ ਕਿਸੇ ਵੀ ਹੋਰ ਆਧਾਰ 'ਤੇ ਹੋਵੇ। ਉਹ ਭਾਈਚਾਰਕ ਬਰਾਬਰੀ ਵਾਲੀ ਬਣਤਰ ਦੀ ਵਕਾਲਤ ਕਰਦੀ ਹੈ ਅਤੇ ਆਪਣੇ ਪੈਰੋਕਾਰਾਂ ਨੂੰ ਉਦਾਰਚਿੱਤ ਤੇ ਇਕਸੁਰ 'ਚ ਹੋ ਕੇ ਸਾਰੇ ਸੰਸਾਰ ਦੇ ਲੋਕਾਂ ਨੂੰ ਇਕ ਪਰਿਵਾਰ ਵਜੋਂ ਮਹਿਸੂਸ ਕਰਦੀ ਹੋਈ, ਇਹ ਸੰਦੇਸ਼ ਦਿੰਦੀ ਹੈ- 'ਏਕ ਪਿਤਾ ਏਕਸ ਕੇ ਹਮ ਬਾਰਿਕ' ਅਤੇ 'ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ।' ਗੁਰਬਾਣੀ ਦਾ ਇਹ ਸਭ ਤੋਂ ਪ੍ਰਮੁੱਖ ਮਾਨਵਤਾਵਾਦੀ ਸਿਧਾਂਤ ਹੈ। ਉਦਾਹਰਣ ਵਜੋਂ ਜਾਤੀ ਦੇ ਆਧਾਰ 'ਤੇ ਊਚ-ਨੀਚ ਦਾ ਵਿਤਕਰਾ ਕਰਨ ਵਾਲਿਆਂ ਨੂੰ ਗੁਰਬਾਣੀ ਇਹ ਸਿੱਖਿਆ ਦਿੰਦੀ ਹੈ, 'ਜਾਣਹੁ ਜੋਤਿ ਨ ਪੂਛਹੁ ਆਗੈ ਜਾਤਿ ਨਹੇ।'

ਧਰਮ ਦੇ ਆਧਾਰ ਤੇ ਭੇਦ-ਭਾਵ ਕਰਨ ਵਾਲਿਆਂ ਨੂੰ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ, 'ਨਾਨਕ ਵੇਚਾਰਾ ਕਿਹਾ ਕਰੈ।। ਸਭੁ ਲੋਕੁ ਸਲਾਹੇ ਏਕਸੈ।। ਸਿਰੁ ਨਾਨਕ ਲੋਕ ਪਾਵ ਹੈ।। ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ।। ਇਸ ਦੇ ਅਰਥ ਹਨ- 'ਨਾਨਕ ਵਿਚਾਰਾ ਕੀ ਆਖ ਸਕਦਾ ਹੈ? ਨਾਨਕ ਦਾ ਸਿਰ ਤਾਂ ਹਰ ਉਸ ਧਰਮੀ ਬੰਦੇ ਦੇ ਕਦਮਾਂ 'ਚ ਹੈ, ਜਿਹੜਾ ਪ੍ਰਮਾਤਮਾ ਦੀ ਸਿਫਤੋ-ਸਲਾਹ 'ਚ ਲੱਗਿਆ ਹੋਇਆ ਹੈ। ਕਿਸ ਵਿਧੀ ਨਾਲ ਅਤੇ ਕਿਸ ਨਾਲ ਉਹ ਪ੍ਰਮਾਤਮਾ ਨੂੰ ਯਾਦ ਕਰਦਾ ਹੈ, ਇਸ ਨਾਲ ਮੇਰਾ ਕੋਈ ਸਰੋਕਾਰ ਨਹੀਂ ਹੈ। ਜਿੰਨੇ ਵੀ ਅਨੇਕਾਂ ਤੇਰੇ ਨਾਮ ਹਨ, ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ।'

ਗੁਰੂ ਸਾਹਿਬਾਨ ਨੇ ਬਾਣੀ 'ਚ ਧਰਮ ਦੇ ਅਰਥਾਂ ਨੂੰ ਬੜੇ ਵਿਸ਼ਾਲ ਸ਼ਬਦਾਂ 'ਚ ਬਿਆਨ ਕੀਤਾ ਹੈ। ਬਾਣੀ ਦਾ ਧਰਮ, ਇਕ ਰੂਹਾਨੀ ਅਤੇ ਨੈਤਿਕ ਜਜ਼ਬਾ ਹੈ ਜਿਹੜਾ ਅਮਲੀ ਜੀਵਨ ਜਿਊਣ ਦੀ ਪ੍ਰੇਰਨਾ ਦਿੰਦਾ ਹੈ। ਉਸ ਦਾ ਸਾਰਾ ਜ਼ੋਰ 'ਆਚਾਰ ਦੀ ਸੱਚਤਾ ਤੇ ਸੁਚੱਜਤਾ' 'ਤੇ ਹੈ। ਸ੍ਰੀ ਰਾਮ 'ਚ ਗੁਰੂ ਨਾਨਕ ਦੇਵ ਜੀ ਇਸ ਤਰ੍ਹਾਂ ਫੁਰਮਾਉਂਦੇ ਹਨ- 'ਸਚਹੁ ਓਰੈ ਸਭੁ ਕੋ ਉਪਰਿ ਸਚ ਆਚਾਰੁ' ਦੇ ਸੱਚੇ-ਸੁੱਚੇ ਵਿਚਾਰਾਂ ਦੀ ਤਰਜਮਾਨੀ ਕਰਾਉਂਦਾ ਹੈ।

ਜਪੁਜੀ ਸਾਹਿਬ 'ਚ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਧਰਮ ਰੂਪੀ ਬਲਦ, ਜਿਸਦੇ ਸਹਾਰੇ ਸ੍ਰਿਸ਼ਟੀ ਟਿਕੀ ਹੋਈ ਹੈ, ਦਇਆ ਦਾ ਪੁੱਤਰ ਹੈ ਅਤੇ ਧਰਮ ਨੇ ਆਪਣੀ ਮਰਿਆਦਾ ਰਾਹੀਂ ਹੀ ਸੰਤੋਖ ਨੂੰ ਪੈਦਾ ਕੀਤਾ ਹੈ। ਇਸ ਦੀ ਉਦਾਹਰਣ ਉਹ ਨਿਮਨ ਅਨੁਸਾਰ ਦਿੰਦੇ ਹਨ:

ਧੌਲ ਧਰਮੁ ਦਇਆ ਦਾ ਪੂਤੁ
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।

ਸੁਖਮਨੀ ਸਾਹਿਬ 'ਚ ਗੁਰੂ ਅਰਜਨ ਦੇਵ ਜੀ ਧਰਮ ਦੇ ਸੰਦਰਭ 'ਚ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ ਚੰਗੇ ਕੰਮ ਕਰਨਾ ਹੀ ਤੇ ਪਰਮਾਤਮਾ ਨੂੰ ਯਾਦ ਰੱਖਣਾ ਹੀ ਸਾਰੇ ਧਰਮਾਂ ਤੋਂ ਸ੍ਰੇਸ਼ਟ ਧਰਮ ਹੈ:

ਸਰਬ ਧਰਮ ਮਹਿ ਸ੍ਰੇਸ਼ਟ ਧਰਮੁ।।
ਹਰਿ ਕੋ ਨਾਮੁ ਜਪਿ ਨਿਰਮਲ ਕਰਮ।

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਸਾਰੇ ਮਾਨਵੀ ਆਲਮ ਦੀ ਦੌਲਤ ਹੈ। ਇਹ ਮੁਕਤੀ ਦਾ ਮਾਰਗ ਹੈ, ਜੋ ਜਿਉਂਦਿਆਂ ਹੁੰਦੀ ਹੈ। ਇਹ ਸਾਰੇ ਸੰਸਾਰੀ ਜੰਜਾਲਾਂ ਤੋਂ ਛੁਟਕਾਰਾ ਦਿਵਾਉਂਦਾ ਹੈ ਜੋ ਮਨੁੱਖ ਨੂੰ ਇਕ ਸਮਾਨ ਤੱਤਵੀ ਰੂਪ 'ਚ ਪੈਦਾ ਕਰਨ ਦਾ ਰਸਾਇਣੀ ਵਿਗਿਆਨ ਹੈ। ਗੁਰੂ ਸਾਹਿਬਾਨ ਦੀਆਂ ਉਕਤ ਮਾਨਵਵਾਦੀ ਸੋਚ ਸਬੰਧੀ ਤੇ ਮਾਨਵਵਾਦੀ ਧਰਮ ਦੀਆਂ ਟੂਕਾਂ ਤੋਂ ਇਲਾਵਾ, ਗੁਰਬਾਣੀ 'ਚ ਸੈਂਕੜੇ ਹੋਰ ਟੂਕਾਂ ਦਿੱਤੀਆਂ ਜਾ ਸਕਦੀਆਂ ਹਨ ਜੋ ਸਾਡੀ ਆਜ਼ਾਦੀ, ਮੁਕਤੀ, ਸਮਾਜਿਕ ਬਰਾਬਰੀ, ਜਾਤ-ਪਾਤ, ਊਚ-ਨੀਚ, ਨਿਰਮਲਤਾ ਤੇ ਭਾਇ-ਚਾਰਕ ਸੱਭਿਆਚਾਰਕ ਸਾਂਝ ਤੇ ਸਦਭਾਵਨਾ ਪੈਦਾ ਕਰਨ ਲਈ ਗੁਰਬਾਣੀ ਨੇ ਇਕ ਉੱਦਮ ਸਿਧਾਂਤ ਦਿੱਤਾ ਹੈ। ਜੇਕਰ ਇਨਸਾਨ ਇਸ ਨੂੰ ਆਪਣੇ ਜੀਵਨ 'ਚ ਅਮਲੀ ਰੂਪ ਦੇ ਦੇਵੇ ਤਾਂ ਸਾਰੇ ਵਿਤਕਰੇ ਤੇ ਸੌੜੀ ਸੋਚ ਖਤਮ ਹੋ ਸਕਦੀ ਹੈ, ਟੂਕ ਹੈ- "ਹਮ ਨਹੀਂ ਚੰਗੇ ਬੁਰਾ ਨਹੀਂ ਕੋਇ।।"

ਗੁਰੂ ਅਰਜਨ ਦੇਵ ਜੀ ਵੀ ਅਜਿਹਾ ਹੀ ਸੰਦੇਸ਼ ਦਿੰਦੇ ਹਨ- ''ਨਾ ਕੋ ਮੇਰਾ ਦੁਸ਼ਮਨ ਰਹਿਆ ਨਾ ਹਮ ਕਿਸ ਕੇ ਬੈਰਾਈ।'' ਗੁਰੂ ਅਮਰਦਾਸ ਜੀ ਦੇ ਇਹ ਦੋ ਸ਼ਬਦ- "ਭਲਾ ਜੀ ਤੇ ਭੁੱਲਾ ਜੀ''। ਵੀ ਸਾਂਝੇ ਸੱਭਿਆਚਾਰ ਸਿਰਜਣ ਵੱਲ ਸੰਕੇਤ ਕਰਦੇ ਹਨ। ਇਸ ਲਈ ਸਾਨੂੰ ਆਪਸੀ ਭਾਈਚਾਰਕ ਸੰਵਾਦ ਸਿਰਜਣਾ ਪਵੇਗਾ। ਇਕ ਦੂਜੇ ਦੇ ਸਭਿਆਚਾਰ ਤੇ ਇਤਿਹਾਸ ਨੂੰ ਸਮਝਣਾ ਪਵੇਗਾ ਤਾਂ ਜਾ ਕੇ ਅੰਤਰ ਰਾਸ਼ਟਰਵਾਦੀ ਸਮਾਜ ਸਿਰਜਿਆ ਜਾ ਸਕਦਾ ਹੈ, ਜਿਸ ਨੂੰ ਮਾਨਵਵਾਦੀ ਸਮਾਜ ਕਿਹਾ ਜਾ ਸਕਦਾ ਹੈ। ਸਿੱਖ ਧਰਮ ਦੇ ਸਿਧਾਂਤਾਂ 'ਚ ਤੇ ਗੁਰਬਾਣੀ 'ਚ ਅਜਿਹੀ ਸਮਰੱਥਾ ਹੈ। ਗੁਰਬਾਣੀ ਦਾ ਬੁਨਿਆਦੀ ਸੁਭਾਅ ਵੀ ਸਾਂਝ ਵਾਲਾ ਹੈ, ਸਦਭਾਵਨਾ ਵਾਲਾ ਹੈ।

ਇਸ ਦਾ ਪਸਾਰਾ ਬੜਾ ਵਿਸ਼ਾਲ ਹੈ। ਇਸ ਨੂੰ ਵਿਤਕਰਿਆਂ ਦੀ ਹੱਦਬੰਦੀ 'ਚ ਨਹੀਂ ਰੱਖਿਆ ਜਾ ਸਕਦਾ। ਗੁਰਬਾਣੀ ਦੇ ਇਸ ਉਕਤ ਚਿੰਤਨ 'ਚੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਹਰ ਯੁੱਗ ਵਿਚ ਮਾਨਵਤਾਵਾਦੀ ਸਮਾਜ ਦੀ ਸਿਰਜਣਾ ਕਰਨ ਲਈ ਹਮੇਸ਼ਾ ਅਗਵਾਈ ਕਰਦਾ ਰਹੇਗਾ।

### 13ਵੇਂ ਪ੍ਰੀਨਿਰਵਾਣ ਦਿਵਸ 'ਤੇ ਵਿਸ਼ੇਸ਼

# ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦਾ ਦੂਜਾ ਨਾਮ- ਕਾਂਸ਼ੀ ਰਾਮ

ਸੰਤੋਖ ਸਿੰਘ ਜੱਸੀ
70836-19800

ਭਾਰਤ ਦੇਸ਼ ਦੀ ਪਹਿਚਾਣ ਕੌਮਾਂਤਰੀ ਪੱਧਰ ਤੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਅਤੇ ਭਾਰਤੀ ਸੰਵਿਧਾਨ ਕਰਕੇ ਮੰਨੀ ਗਈ ਹੈ। ਲੋਕਤੰਤਰੀ ਪ੍ਰਣਾਲੀ ਨੂੰ ਬਣਾਉਣ ਲਈ ਰਾਸ਼ਟਰ ਨੂੰ ਸੰਵਿਧਾਨ ਡਾ. ਭੀਮ ਰਾਓ ਅੰਬੇਡਕਰ ਜੀ ਦੀ ਮੁੱਖ ਅਗਵਾਈ 'ਚ ਤਿਆਰ ਕੀਤਾ ਗਿਆ ਹੈ। ਡਾ. ਅੰਬੇਡਕਰ ਜੀ ਭਾਰਤ ਦੇ ਉਹ ਮਹਾਨ ਆਗੂ ਬਣੇ ਜਿਹਨਾਂ ਨੇ ਅਛੂਤਾਂ, ਔਰਤਾਂ ਨੂੰ ਇੰਗਲੈਂਡ ਦੀਆਂ ਗੋਲਮੇਜ਼ ਕਾਨਫਰੰਸਾਂ ਰਾਹੀਂ, ਜਨਤਕ ਅੰਦੋਲਨਾਂ ਤੇ ਆਪਣੀਆਂ ਮਹਾਨ ਲਿਖਤਾਂ ਸਦਕਾ ਲੈ ਕੇ ਦਿੱਤੇ। ਉਹਨਾਂ ਦਾ ਪ੍ਰੀਨਿਰਵਾਣ 6 ਦਸੰਬਰ 1956 ਈਸਵੀ ਨੂੰ ਹੋ ਗਿਆ। ਬਾਬਾ ਸਾਹਿਬ ਨੇ ਜਾਣ ਤੋਂ ਪਹਿਲਾਂ ਕਿਹਾ ਸੀ ਕਿ ਜੋ ਇਕ ਵਿਅਕਤੀ ਇਕ ਸਦੀ (100 ਸਾਲ) 'ਚ ਕਰ ਸਕਦਾ, ਮੈਂ ਉਹ ਕੁਝ ਕਰਨ ਦੇ ਯਤਨ ਕੀਤੇ। ਮੇਰੇ ਸੰਘਰਸ਼ ਦਾ ਸਭ ਤੋਂ ਵੱਡਾ ਲਾਭ ਪੜ੍ਹ-ਲਿਖ ਕੇ ਮੁਲਾਜ਼ਮਾਂ ਨੇ ਲਿਆ, ਪ੍ਰੰਤੂ ਉਹ ਆਪਣੇ ਐਸ਼ੋ-ਆਰਾਮ ਵਿਚ ਆਪਣੇ ਅਤੇ ਦੱਬੇ-ਕੁਚਲੇ ਸਮਾਜ ਪ੍ਰਤੀ ਫਰਜ਼ਾਂ ਨੂੰ ਭੁੱਲ ਗਏ, ਜਿਹੜੇ ਪੜ੍ਹ-ਲਿਖ ਨਹੀਂ ਸਕੇ ਅਤੇ ਉਹ ਪੱਛੜੇ ਰਹਿ ਗਏ। ਜਿਸ ਕਾਰਨ ਬਾਬਾ ਸਾਹਿਬ ਜੀ ਨੇ ਇਸ ਸੰਦਰਭ 'ਚ ਕਿਹਾ ਸੀ ਕਿ 'ਮੈਨੂੰ ਪੜ੍ਹੇ-ਲਿਖੇ ਲੋਕਾਂ ਨੇ ਧੋਖਾ ਦਿੱਤਾ ਹੈ।'

ਆਖਿਰ 'ਚ ਕਹਿੰਦੇ ਨੇ ਕਿ ਕੁਦਰਤ ਮਾਂ ਦੇ ਵੀ ਕੁਝ ਅਸੂਲ ਹੁੰਦੇ ਨੇ, ਹੋਇਆ ਵੀ ਇੰਝ ਹੀ ਕਿ ਇਕ ਦਿਨ ਬਾਬਾ ਸਾਹਿਬ ਅਤੇ ਤਥਾਗਤ ਗੌਤਮ ਬੁੱਧ ਜੈਅੰਤੀ ਦੀਆਂ ਛੁੱਟੀਆਂ ਕਰ ਦਿੱਤੀਆਂ, ਜਿਸ ਦੇ ਫਲਸਰੂਪ ਕਾਂਸ਼ੀ ਰਾਮ ਜੀ ਦਾ ਆਗਾਜ਼ ਹੋਇਆ। ਜਿਸ ਨੇ ਹਜ਼ਾਰਾਂ ਸਾਲਾਂ ਤੋਂ ਮੂਲ ਨਿਵਾਸੀਆਂ (85 ਫੀਸਦੀ ਐਸ. ਸੀ., ਐਸ. ਟੀ., ਓ. ਬੀ. ਸੀ.) ਨੂੰ ਵਿਗੜੀ ਹੋਈ ਦਸ਼ਾ ਨੂੰ ਮੁੜ ਸੁਧਾਰਨ ਲਈ ਆਪਦੇ ਆਪ ਨੂੰ ਬਾਬਾ ਸਾਹਿਬ ਜੀ ਦੇ ਮਿਸ਼ਨਾਂ ਪ੍ਰਤੀ ਆਪਣੇ-ਆਪ ਨੂੰ ਸਮਰਪਿਤ ਕਰ ਦਿੱਤਾ।

ਇਕ ਪਾਸੇ ਮਾਪੇ ਕਾਂਸ਼ੀ ਰਾਮ ਜੀ ਦੇ ਨੌਕਰੀਪੇਸ਼ਾ ਹੋਣ ਕਾਰਨ ਵਿਆਹ ਦੀਆਂ ਵਿਉੱਤਬੰਦੀਆਂ ਕਰ ਰਹੇ ਸਨ। ਦੂਜੇ ਪਾਸੇ ਕਾਂਸ਼ੀ ਰਾਮ ਜੀ ਸਿਰਫ ਘਰਦਿਆਂ ਦਾ ਕਾਂਸ਼ੀ ਰਾਮ ਨਾ ਹੋ ਕੇ ਸਮਾਜ ਦੇ ਹੋ ਚੁੱਕੇ ਸਨ। ਚੰਗੀ ਭਲੀ ਨੌਕਰੀ ਛੱਡ ਕੇ ਕਦੀ ਪੈਦਲ, ਕਦੀ ਸਾਈਕਲ ਕਿਰਾਏ 'ਤੇ ਲੈ ਕੇ ਚੱਲਦੇ, ਕਦੀ ਬੱਸ, ਕਦੀ ਰੇਸ ਗੱਡੀ 'ਤੇ ਚੱਲ ਕੇ ਅਤੇ ਅਖੀਰ 'ਚ ਹਵਾਈ ਜਹਾਜ਼ ਰਾਹੀਂ ਪੜ੍ਹੇ-ਲਿਖੇ ਲੋਕਾਂ ਨੂੰ ਬਾਮਸੇਫ ਦੇ ਬੈਨਰ ਹੇਠ ਮਿਤੀ 6 ਦਸੰਬਰ 1978 ਨੂੰ ਨਵੀਂ ਦਿੱਲੀ ਵਿਖੇ ਇਕੱਠੇ ਕਰਕੇ 'ਪੇਅ ਬੈਕ ਟੂ ਸੁਸਾਇਟੀ' ਦੇ ਫਰਜ਼ ਨਿਭਾਉਣ ਲਈ ਉਤਰੀ ਭਾਰਤ ਦੇ ਕੋਨੇ-ਕੋਨੇ ਵਿਚ ਜਾ ਕੇ 5-10, 20-30, 50-100 ਵਿਅਕਤੀਆਂ ਦੇ ਕੇਡਰ ਕੈਂਪਾਂ ਰਾਹੀਂ ਬਾਬਾ ਸਾਹਿਬ ਅਤੇ ਪਿਛਲੇ ਮਾਨਵਤਾਵਾਦੀ ਮਹਾਂਪੁਰਸ਼ਾਂ ਦੀਆਂ ਜੀਵਨ ਘਾਲਣਾਵਾਂ ਅਤੇ ਸੰਘਰਸ਼ ਅਤੇ ਬਲੀਦਾਨ ਬਾਰੇ ਚਾਨਣਾ ਪਾਇਆ ਕਿ ਕਦੇ ਇਸ ਭਾਰਤ ਦੇਸ਼ ਵਿਚ ਮੂਲ ਨਿਵਾਸੀ ਰਾਜਿਆਂ ਦਾ ਰਾਜ ਸੀ। ਜਿਸ ਦੀ ਅਸੀਂ ਸੰਤਾਨ ਹਾਂ। ਇਸ ਉਪਰੰਤ ਉਹਨਾਂ ਨੇ ਜਨਤਕ ਪੱਧਰ 'ਤੇ ਲਹਿਰ ਨੂੰ ਨਵੀਂ ਦਿਸ਼ਾ ਦੇਣ ਲਈ ਡੀ. ਐਸ.-4 (ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ) ਬਣਾਈ। ਅਖੀਰ ਵਿਚ ਇਹ ਨਿਰਣਾ ਲਿਆ ਗਿਆ ਕਿ ਰਾਜ ਭਾਗ ਤੋਂ ਬਿਨਾਂ ਸਮਾਜ ਦੇ ਦੁੱਖਾਂ ਦਾ ਅੰਤ ਹੋਣ ਵਾਲਾ ਨਹੀਂ ਹੈ। ਇਸ ਲਈ 14 ਅਪ੍ਰੈਲ 1984 ਨੂੰ ਬਹੁਜਨ ਸਮਾਜ ਪਾਰਟੀ ਰਾਜਨੀਤਿਕ ਸੰਗਠਨ ਬਣਾਇਆ ਗਿਆ। ਜਿਸ ਨੇ ਅੱਗੇ ਜਾ ਕੇ ਚਾਰ ਵਾਰ ਉੱਤਰ ਪ੍ਰਦੇਸ਼ ਵਿਚ ਸਰਕਾਰ ਬਣਾਈ। ਇਸ ਤਰ੍ਹਾਂ ਕਾਂਸ਼ੀ ਰਾਮ ਸਮਾਜ ਦਾ ਬਾਬਾ ਸਾਹਿਬ ਤੋਂ ਬਾਅਦ ਛੋਟਾ ਸਾਹਿਬ ਬਣ ਕੇ ਭਾਰਤੀ ਰਾਜਨੀਤੀ 'ਚ ਇਕ ਚਮਤਕਾਰ ਵਾਂਗ ਉੱਭਰ ਗਿਆ। ਸਾਹਿਬ ਕਾਂਸ਼ੀ ਰਾਮ ਜੀ ਨੇ ਭਾਰਤ ਦੇ ਵੱਖ-ਵੱਖ ਪ੍ਰਦੇਸ਼ਾਂ ਮਹਾਰਾਸ਼ਟਰ, ਉਤਰ ਪ੍ਰਦੇਸ਼, ਪੰਜਾਬ, ਹਰਿਆਣਾ, ਜੰਮੂ-ਕਸ਼ਮੀਰ, ਮੱਧ ਪ੍ਰਦੇਸ਼, ਛੱਤੀਸਗੜ੍ਹ, ਬਿਹਾਰ, ਉੜੀਸਾ, ਹਿਮਾਚਲ ਪ੍ਰਦੇਸ਼, ਦਿੱਲੀ ਆਦਿ ਰਾਜਾਂ 'ਚ ਜਾ ਕੇ ਹਜ਼ਾਰਾਂ ਸਾਲਾਂ ਤੋਂ ਸਤਾਏ ਅਛੂਤ-ਸ਼ੂਦਰ (ਦਲਿਤ ਐਸ. ਸੀ./ਐਸ. ਟੀ./ ਓ. ਬੀ. ਸੀ.), ਔਰਤਾਂ ਨੂੰ ਮਿਸ਼ਨ ਦੀ ਅਜਿਹੀ ਜਾਗ ਲਾਈ ਕਿ ਉਤਰ ਪ੍ਰਦੇਸ਼ ਭਾਰਤ ਦੇ ਸਭ ਤੋਂ ਵੱਡੇ ਰਾਜ ਵਿਚ 1 ਨਹੀਂ, ਸਗੋਂ ਚਾਰ ਵਾਰ ਆਪਣੀ ਉਤਰਾਧਿਕਾਰੀ ਭੈਣ ਮਾਇਆਵਤੀ ਨੂੰ ਮੁੱਖ ਮੰਤਰੀ ਬਣਾ ਕੇ ਲੋਕਤੰਤਰ ਨੂੰ ਮਜਬੂਤ ਕੀਤਾ ਤੇ ਬਾਕੀ ਪ੍ਰਦੇਸ਼ਾਂ 'ਚ ਲੋਕ ਪੜ੍ਹੇ-ਲਿਖੇ ਹੋਣ ਲੱਗੇ ਤੇ ਅਨੇਕਾਂ ਹੀ ਉੱਚ ਅਹੁਦਿਆਂ ਤੇ ਪਹੁੰਚੇ।



ਕਾਂਸ਼ੀ ਰਾਮ ਨੇ ਇੱਥੇ ਹੀ ਨਹੀਂ ਸਗੋਂ ਵਿਦੇਸ਼ਾਂ 'ਚ ਬੈਠੇ ਦਲਿਤਾਂ ਤੇ ਮਨੁੱਖੀ ਹੱਕਾਂ ਤੋਂ ਵਾਂਝੇ ਲੋਕਾਂ ਅਤੇ ਡਾ. ਅੰਬੇਡਕਰ, ਗੁਰੂ ਰਵਿਦਾਸ, ਭਗਵਾਨ ਵਾਲਮੀਕ ਅਤੇ ਤਥਾਗਤ ਬੁੱਧ ਨਾਲ ਸਬੰਧਤ ਸੰਸਥਾਵਾਂ ਦੁਆਰਾ ਰੱਖੇ ਪ੍ਰੋਗਰਾਮਾਂ 'ਚ ਕਿਹਾ ਕਿ ਭਾਰਤੀ ਜਿੱਥੇ ਵੀ ਗਏ, ਦੁਨੀਆਂ ਦੇ ਜਿਸ ਵੀ ਕੋਨੇ 'ਚ ਚਲੇ ਜਾਣ ਉਹ ਹੋਰ ਤਾਂ ਸਭ ਕੁਝ ਭੁੱਲ ਸਕਦੇ ਹਨ ਪਰ ਜਾਤ ਨੂੰ ਕਦੇ ਵੀ ਨਹੀਂ ਭੁੱਲਦੇ। ਉਹਨਾਂ ਕਿਹਾ ਕਿ ਕਿਸੇ ਦੇ ਮਗਰ ਲੱਗਣ ਨਾਲੋਂ ਆਓ ਆਪਣਾ ਖੁਦ ਦਾ ਰਾਜ ਸਥਾਪਤ ਕਰੀਏ। ਉਹਨਾਂ ਦੱਸਿਆ ਕਿ ਦੁਆਬੇ ਦੇ ਲੋਕ ਜੈ ਭੀਮ-ਜੈ ਭਾਰਤ ਅਤੇ ਜੈ ਗੁਰੂ ਰਵਿਦਾਸ ਕਹਿਣ ਲੱਗ ਪਏ ਹਨ। ਇਸ ਪਿੱਛੇ ਬਾਬਾ ਸਾਹਿਬ ਜੀ ਦਾ ਸੰਘਰਸ਼ ਕੰਮ ਕਰਦਾ ਹੈ। ਪੰਜਾਬ ਦੇ ਦੁਆਬੇ ਦੇ ਲੋਕ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਲੋਕ ਹਨ ਅਤੇ ਆਦਿ ਧਰਮ ਲਹਿਰ ਦੇ ਬਾਨੀ/ ਸਿਰਜਣਹਾਰ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਜੀ ਤੋਂ ਪ੍ਰਭਾਵਿਤ ਹੋਏ ਹਨ। ਪੜ੍ਹ-ਲਿਖ ਕੇ ਨੌਕਰੀਆਂ 'ਤੇ ਲੱਗ ਰਹੇ ਹਨ ਅਤੇ ਵਿਦੇਸ਼ਾਂ ਵਿਚ ਵੀ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਰਹੇ ਹਨ।

ਸਾਹਿਬ ਕਾਂਸ਼ੀ ਰਾਮ ਜੀ ਦੇ ਅਗਰ ਸੰਘਰਸ਼ ਦੀ ਤਫ਼ਸੀਲ 'ਚ ਜਾਈਏ ਤਾਂ ਉਹਨਾਂ ਨੇ ਇਕ ਦਿਨ ਵਿਚ 18-18 ਘੰਟੇ ਕੰਮ ਕੀਤਾ। ਸ਼ੁਰੂ-ਸ਼ੁਰੂ 'ਚ ਲੋਕ ਉਹਨਾਂ ਨੂੰ ਅਮਰੀਕਾ ਦੀ ਖੁਫੀਆ ਏਜੰਸੀ ਦਾ ਜਾਸੂਸ ਕਹਿੰਦੇ ਰਹੇ। ਫਿਰ ਕਹਿੰਦੇ ਕਾਂਸ਼ੀ ਰਾਮ ਅੱਜ ਵਿਕਿਆ ਜਾਂ ਕੱਲ੍ਹ। ਪਰ ਸਾਹਿਬ ਨੇ ਸਮਾਜਿਕ ਜੀਵਨ ਜਿਊਣ ਖਾਤਰ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਨਾ ਤਾਂ ਉਹਨਾਂ ਦਾ ਕੋਈ ਪਰਿਵਾਰ ਹੋਵੇਗਾ, ਨਾ ਹੀ ਜ਼ਮੀਨ-ਜਾਇਦਾਦ ਅਤੇ ਨਾ ਹੀ ਕੋਈ ਬੈਂਕ ਖਾਤਾ ਹੋਵੇਗਾ। ਮੈਂ ਆਪਣੀ ਸਾਰੀ ਜ਼ਿੰਦਗੀ ਸਮਾਜ ਨੂੰ ਜਾਗਰੂਕ ਕਰਕੇ ਉਹਨਾਂ ਨੂੰ ਵਿਧਾਨ ਸਭਾਵਾਂ ਅਤੇ ਦਿੱਲੀ ਦੇ ਤਖਤ 'ਤੇ ਰਾਜ ਕਰਨ ਵਾਲਾ ਬਣਾਵਾਂਗਾ।' ਜ਼ਿੰਦਗੀ ਦੇ ਆਖਰੀ ਸਫ਼ਰ (9 ਅਕਤੂਬਰ 2006) ਤੱਕ ਉਹਨਾਂ ਨੇ ਆਪਣੀ ਆਪ ਨਾਲ ਵਚਨਬੱਧਤਾ ਨਿਭਾਈ। ਇਕ ਵਾਰ ਉਹਨਾਂ ਨੇ ਕਿਹਾ ਕਿ ਜੇਕਰ ਮੇਰਾ ਸਮਾਜ ਮੇਰੀ ਕੋਈ ਗੱਲ ਨਹੀਂ ਸੁਣੇਗਾ ਤਾਂ ਉਹ ਝੋਲਾ ਚੁੱਕ ਕੇ ਕਿਤੇ ਚਲਾ ਜਾਵੇਗਾ। ਪਰ ਸਮਾਜ ਦਾ ਕਦੇ ਸੌਦਾ ਨਹੀਂ ਕਰਾਂਗਾ, ਵਿਕਾਂਗਾ ਨਹੀਂ, ਸਗੋਂ ਨਾ-ਵਿਕਣ ਵਾਲਾ ਸਮਾਜ ਬਣਾਉਣ ਲਈ ਸੰਘਰਸ਼ ਕਰਦਾ ਰਹਾਂਗਾ।

ਸਾਹਿਬ ਕਾਂਸ਼ੀ ਰਾਮ ਜੀ ਨੇ ਆਪਣੇ ਪਹਿਲੇ ਲਗਾਏ ਸਿਖਲਾਈ ਕੈਂਪ ਵਿਚ ਦਿੱਲੀ 'ਚ ਸੁਚੇਤ ਵਰਕਰਾਂ ਨੂੰ ਸਮਝਾਉਂਦੇ ਹੋਏ ਕਿਹਾ ਕਿ ਅਸੀਂ ਜਿਸ ਇਤਿਹਾਸ ਨੂੰ ਪੜ੍ਹਦੇ ਹਾਂ, ਇਹ ਇਤਿਹਾਸ ਤਾਕਤਵਰ ਲੋਕਾਂ ਦੇ ਹੱਕਾਂ 'ਚ ਲਿਖਿਆ-ਝੁਕਿਆ ਨਜ਼ਰ ਆਉਂਦਾ ਹੈ। ਇਸ ਨੂੰ ਬਦਲਣਾ ਹੈ ਅਤੇ ਅਸੀਂ ਇਸ ਨੂੰ ਬਦਲਣ ਦੀ ਸਮਰੱਥਾ ਰੱਖਦੇ ਹਾਂ। ਉਹਨਾਂ ਨੇ ਆਪਣੀ ਪੁਸਤਕ 'ਚਮਚਾ ਯੁੱਗ' ਵਿਚ ਲਿਖਿਆ ਕਿ ਅਸਾਂ ਨੇ ਅਤੀਤ ਤੋਂ ਸਬਕ ਸਿੱਖ ਕੇ ਅੱਗੇ ਵਧਣਾ ਹੈ ਅਤੇ ਸਮਾਜ 'ਚ ਪੈਦਾ ਹੋਏ ਚਮਚਿਆਂ ਨੂੰ ਕੁਝ ਨਹੀਂ ਕਹਿਣਾ, ਸਗੋਂ ਜਿਸ ਹੱਥ ਨਾਲ ਚਮਚਾ ਫੜਿਆ ਹੈ, ਉਸ ਦੇ ਗੁੱਟ 'ਤੇ ਵਾਰ ਕਰਨਾ ਹੈ, ਭਾਵ ਜੋ ਪਾਰਟੀਆਂ ਜਾਂ ਆਗੂ ਹਨ, ਉਹਨਾਂ ਦਾ ਵੋਟਾਂ 'ਚ ਮੁਕਾਬਲਾ ਕਰਕੇ ਉਹਨਾਂ ਨੂੰ ਹਰਾ ਕੇ ਆਪਣਾ ਰਾਜ ਸਥਾਪਤ ਕਰਕੇ ਚਮਚੇ ਪੈਦਾ ਕਰਨ ਵਾਲਿਆਂ ਤੋਂ ਬਦਲਾ ਲੈਣਾ ਹੈ।

ਇਕ ਵਾਰ ਸਾਹਿਬ ਜੀ ਨੂੰ ਕਿਸੇ ਨੇ ਪੁੱਛਿਆ ਕਿ ਤੁਹਾਡੀ ਜ਼ਿੰਦਗੀ 'ਚ ਇਸ ਤਰ੍ਹਾਂ ਦਾ ਇਨਕਲਾਬੀ ਬਦਲਾਅ ਕਿਸ ਤਰ੍ਹਾਂ ਆਇਆ ਤਾਂ ਉਹਨਾਂ ਨੇ ਕਿਹਾ ਕਿ ਜਦੋਂ ਦੀਨਾ ਭਾਨਾ ਜੀ ਨੂੰ ਬਾਬਾ ਸਾਹਿਬ ਅਤੇ ਤਥਾਗਤ ਗੌਤਮ ਬੁੱਧ ਜੈਅੰਤੀ ਕਾਰਨ ਸਸਪੈਂਡ ਕਰਨ ਅਤੇ ਬਹਾਲ ਕਰਨ ਵਾਲੀ ਘਟਨਾ ਘਟੀ ਤਾਂ ਜਦੋਂ ਬਾਕੀ ਮੁਲਾਜ਼ਮਾਂ ਅਤੇ ਅਫਸਰ ਆਗੂਆਂ ਨੂੰ ਪਤਾ ਲੱਗਾ ਕਿ ਇਸ ਪਿੱਛੇ ਮੇਰਾ (ਯਾਨਿ ਕਾਂਸ਼ੀ ਰਾਮ) ਵੱਡਾ ਹੱਥ ਹੈ ਤੇ ਉਹ ਮੈਨੂੰ 'ਉਸਤਾਦਾਂ ਦਾ ਉਸਤਾਦ' ਮੰਨਣ ਲੱਗ ਪਏ। ਮੈਂ ਬਾਬਾ ਸਾਹਿਬ ਜੀ ਦੀ ਲਿਖੀ ਹੋਈ ਕਿਤਾਬ 'ਜਾਤਪਾਤ ਦਾ ਬੀਜ਼ ਨਾਸ਼' ਸੱਤ ਵਾਰ ਪੜ੍ਹੀ। ਮੈਂ ਸੋਚਿਆ ਕਿ 'ਹਰਾ ਭਰਾ ਪੈਦਾ ਹੋਣ ਲਈ ਬੀਜ ਨੂੰ ਜ਼ਮੀਨ ਦੇ ਅੰਦਰ ਕੁਰਬਾਨ ਹੋਣਾ ਪੈਂਦਾ ਹੈ। ਇਸ ਬਹੁਜਨ ਸਮਾਜ ਨੂੰ ਹਰਾ-ਭਰਾ ਕਰਨ ਲਈ ਮੈਂ ਬੀਜ ਬਣਨ ਲਈ ਤਿਆਰ ਹੋਇਆ।'' ਉਹਨਾਂ ਕਿਹਾ ਕਿ ਪੜ੍ਹਨ ਤੇ ਪਤਾ ਲੱਗਾ ਕਿ ਦੁਨੀਆਂ ਵਿਚ ਅਮੀਰ ਤੇ ਗਰੀਬ ਜਾਤਾਂ ਹਨ, ਪਰ ਭਾਰਤ ਨੂੰ 6743 ਟੁਕੜਿਆਂ 'ਚ ਵੰਡ ਕੇ ਦੇਸ਼ 'ਚ ਸੱਤਿਆਨਾਸ਼ ਕੀਤਾ ਗਿਆ ਹੈ। ਜਿਹਨਾਂ ਨੂੰ ਅਸੀਂ ਇੱਕਜੁਟ ਕਰਕੇ ਗੁਰੂ ਰਵਿਦਾਸ ਜੀ ਦੇ ਸਜਾਏ ਬੇਗਮਪੁਰੇ ਦੇ ਸੁਪਨੇ ਨੂੰ ਸਾਕਾਰ ਕਰਨਾ ਹੈ। ਸਾਨੂੰ ਸਾਡੇ 100 ਮਹਾਂਪੁਰਸ਼ਾਂ ਨੇ ਹਰ ਚੁਣੌਤੀ ਦਾ ਸਾਹਮਣਾ; ਕਰਨ ਲਈ ਸਾਡਾ ਰਾਹ-ਦਸੇਰਾ (ਚਾਨਣ ਮੁਨਾਰਾ) ਬਣੇ। ਜਿਸ 'ਤੇ ਚਲਦਿਆਂ ਇਕ ਦਿਨ ਦੇਸ਼ ਦੀ ਸੰਸਦ 'ਚ ਆਪਣੀ ਮਰਜ਼ੀ ਦੀ ਸਰਕਾਰ ਬਣਾ ਕੇ ਸੰਵਿਧਾਨ ਦੀ ਮੂਲ ਭਾਵਨਾ ਮੁਤਾਬਕ ਦੱਬੇ-ਕੁਚਲੇ ਲੋਕਾਂ ਨੂੰ ਮੁੜ ਦੇਸ਼ ਦਾ ਸ਼ਾਸ਼ਕ ਬਣਾਉਣਾ ਹੈ। ਇਹ ਹੀ ਮੇਰੀ ਇੱਛਾ ਹੈ। ਇਹ ਇੱਛਾ ਹੀ ਮੈਨੂੰ ਹੋਰ ਜੀਵਨ ਜਿਊਣ ਲਈ ਪ੍ਰੇਰਿਤ ਕਰਦੀ ਹੈ। ਉਹਨਾਂ ਕਿਹਾ ਕਿ ਮੈਨੂੰ ਲੱਗਦਾ ਕਿ ਮੇਰਾ ਸਾਰਾ ਜੀਵਨ ਹੀ ਸੰਘਰਸ਼ ਕਰਦਿਆਂ ਹੀ ਲੰਘ ਜਾਵੇਗਾ।

ਅੱਜ ਜਦੋਂ ਲੇਖਕ ਪੱਤਰਕਾਰ ਅਤੇ ਵਿਦਵਾਨ ਤੇ ਜਾਗਰੂਕ ਲੋਕ ਕਾਂਸ਼ੀ ਰਾਮ ਜੀ ਬਾਰੇ ਗੱਲ ਕਰਦੇ ਹਨ ਤਾਂ ਇਕ ਗੱਲ ਤਾਂ ਹਰ ਕੋਈ ਵੀਹ-ਵਿਸਵੇ, ਸੋਲਾਂ ਆਨੇ ਵਾਂਗ ਸੱਚ ਮੰਨਦਾ ਹੈ ਕਿ ਸੱਚਮੁੱਚ ਹੀ ਕਾਂਸ਼ੀ ਰਾਮ ਜੀ ਭਾਰਤ ਦੀ ਸਿਆਸਤ 'ਚ ਚਮਤਕਾਰ ਵਾਂਗ ਪੈਦਾ ਹੋਏ ਹਨ। ਉਹ ਗਿਣਤੀ-ਗਿਣਤੀ ਤੇ ਵੱਡੇ ਯੋਜਨਾਕਾਰ ਸਾਬਤ ਹੋਏ। ਇਕ ਲੇਖਕ ਨੇ ਤਾਂ ਇੱਥੋਂ ਤੱਕ ਲਿਖ ਦਿੱਤਾ ਕਿ ਕਾਂਸ਼ੀ ਰਾਮ ਜੀ ਭਾਰਤੀ ਸਿਆਸਤ ਦੇ ਸੰਤ ਸਨ। ਕਾਂਸ਼ੀ ਰਾਮ ਜੀ ਨੇ ਜਿਉਂਦੇ ਜੀਅ ਆਪਣੀਆਂ ਚਾਰ ਪੀੜ੍ਹੀਆਂ ਤਿਆਰ ਕਰ ਗਏ ਤੇ ਮਿਸ਼ਨ ਦੀ ਪੂਰਤੀ ਲਈ ਸੁਚੇਤ ਹੁੰਦਿਆਂ ਭੈਣ ਕੁਮਾਰੀ ਮਾਇਆਵਤੀ ਜੀ ਨੂੰ 5 ਲੱਖ ਸੱਤਰ ਹਜ਼ਾਰ ਦੇ ਵੱਡੇ ਇਕੱਠ 'ਚ ਲਖਨਊ ਵਿਖੇ ਆਪਣਾ ਉਤਰਾਧਿਕਾਰੀ ਘੋਸ਼ਿਤ ਕਰ ਦਿੱਤਾ।

ਅੱਜ ਉਹਨਾਂ ਦੇ 13ਵੇਂ ਪ੍ਰੀਨਿਰਵਾਣ ਮੌਕੇ ਉਹਨਾਂ ਦੁਆਰਾ ਪੰਜਾਬ ਰਾਜ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਦੇ ਪਿੰਡ ਮੂਸਾਪੁਰ ਤੋਂ ਸ਼ੁਰੂ ਕੀਤੀਆਂ ਕਾਨ-ਫਰੰਸਾਂ, ਲੁਧਿਆਣਾ ਦੀ ਕਾਨਫਰੰਸ ਜਿਸ ਨੂੰ ਰੈਲੀ ਨਹੀਂ, ਸਗੋਂ ਕਾਂਸ਼ੀ ਰਾਮ ਜੀ ਦਾ ਰੈਲਾ ਕਹਿਣ ਵਾਲਾ ਨਾਅਰਾ ਬੁਲੰਦ ਕੀਤਾ ਸੀ। ਜਿੱਥੇ ਉੱਤਰ ਪ੍ਰਦੇਸ਼ ਦੀ ਉਸ ਵੇਲੇ ਦੀ ਮੁੱਖ ਮੰਤਰੀ ਕੁਮਾਰੀ ਮਾਇਆਵਤੀ ਨੂੰ ਸਾਹਿਬ ਜੀ ਨੇ ਇਸ ਕਰਕੇ ਬੁਲਾਇਆ ਤਾਂ ਕਿ ਪੰਜਾਬ ਦੇ ਲੋਕਾਂ ਅੰਦਰ ਵੀ ਆਪਣੀ ਸਰਕਾਰ, ਆਪਣਾ ਮੁੱਖ ਮੰਤਰੀ ਬਣਨ ਦੀ ਚਾਹਤ ਪੈਦਾ ਹੋਵੇ, ਉਹਨਾਂ ਨੇ ਆਪਣੇ ਭਾਸ਼ਣ 'ਚ ਪੰਜਾਬ ਦੇ ਲੋਕਾਂ ਨੂੰ ਸੁਨੇਹਾ ਦਿੰਦਿਆਂ ਕਿਹਾ ਕਿ ਮਾਇਆਵਤੀ ਦੀ ਮਾਂ ਮੈਨੂੰ ਪੁੱਛਦੀ ਹੈ ਕਿ ਇਸ ਨੂੰ ਮੁੱਖ ਮੰਤਰੀ ਤਾਂ ਬਣਾ ਦਿੱਤਾ, ਹੁਣ ਪ੍ਰਧਾਨ ਮੰਤਰੀ ਕਦੋਂ ਬਣਾਉਣਾ?

ਇਸ ਤਰ੍ਹਾਂ ਸਾਹਿਬ ਕਾਂਸ਼ੀ ਰਾਮ ਜੀ ਦੀ ਇਹ ਜ਼ਬਰਦਸਤ ਇੱਛਾ ਰਹੀ ਹੈ ਕਿ ਜਿਸ ਪੰਜਾਬ ਵਿਚ ਮੈਂ ਜੰਮਿਆ, ਪਿੰਡ-ਪਿੰਡ 'ਭੁੱਲ ਨਾ ਜਾਇਓ, ਕਿਤੇ ਆਪਣੇ ਰਹਿਬਰਾਂ ਨੂੰ' ਦੇ ਇਤਿਹਾਸਕ ਬੈਨਰ ਹੇਠ ਸਮਾਗਮ ਕਰਕੇ ਲੋਕਾਂ ਦੀ ਇੱਜ਼ਤ ਅਣਖ ਅਤੇ ਆਤਮ ਵਿਸ਼ਵਾਸ ਨੂੰ ਜਗਾਇਆ। ਕਦੇ 'ਸੀਰੀ ਪ੍ਰਥਾ ਬੰਦਾ ਕਰੋ, ਰਾਜ ਭਾਗ ਦਾ ਪ੍ਰਬੰਧ ਕਰੋ' ਕਦੇ ਭਾਰਤੀ ਸਿੱਖਾਂ ਦੇ ਹਿੱਤ ਬਹੁਜਨ ਸਮਾਜ ਪਾਰਟੀ ਨਾਲ ਸੁਰੱਖਿਅਤ ਹਨ ਅਤੇ ਕਦੇ ਗੁਰੂ ਗੋਬਿੰਦ ਸਿੰਘ ਜੀ ਦੇ 300 ਸਾਲਾ ਪ੍ਰਕਾਸ਼ ਦਿਵਸ ਨੂੰ ਸਮਰਪਿਤ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਮਾਗਮ 'ਚ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ 'ਚ 'ਇਨ ਗਰੀਬ ਸਿੱਖਨ ਕੋ ਦੂੰ ਪਾਤਸ਼ਾਹੀ' ਮੰਗਦੇ ਰਹੇ।

ਉਹ ਸਿੱਖ ਲੀਡਰਾਂ ਨੂੰ ਕਹਿੰਦੇ ਰਹੇ ਕਿ ਗੁਰੂ ਸਾਹਿਬਾਨ ਨੇ ਸਰਬੱਤ ਦੇ ਭਲੇ ਦੀ ਗੱਲ ਕੀਤੀ, ਇਨਸਾਨ ਅਤੇ ਇਨਸਾਨੀਅਤ ਦੀ ਗੱਲ ਕੀਤੀ ਹੈ ਪਰ ਹੁਣ ਤੱਕ ਗੁਰਦੁਆਰੇ ਅਤੇ ਸ਼ਮਸ਼ਾਨਘਾਟਾਂ ਅੱਜ ਵੀ ਵੱਖ-ਵੱਖ ਕਿਉਂ ਹਨ। ਉਹਨਾਂ ਦੁਆਰਾ ਕੀਤੇ ਸੰਘਰਸ਼ਾਂ ਸਦਕਾ ਕਰੋੜਾਂ ਲੋਕ ਉਹਨਾਂ ਦੇ ਮਿਸ਼ਨ ਪ੍ਰਤੀ ਸੰਘਰਸ਼ਸ਼ੀਲ ਹੋ ਚੁੱਕੇ ਹਨ ਅਤੇ ਜੁੜ ਚੁੱਕੇ ਹਨ। ਭਾਰਤੀ ਲੋਕਤੰਤਰ ਦਾ ਇਹ ਕਰਿਸ਼ਮਾ/ਚਮਤਕਾਰ ਹੀ ਹੋਵੇਗਾ ਕਿ ਇਕ ਦਿਨ ਦਿੱਲੀ 'ਚ ਸਾਹਿਬ ਕਾਂਸ਼ੀ ਰਾਮ ਜੀ ਦੇ ਸੁਪਨੇ ਸਕਾਰ ਕਰਨ ਵਾਲੀ ਸਰਕਾ ਹੋਵੇਗੀ ਤੇ ਉਸਦਾ ਦਿੱਲੀ 'ਚ ਰਾਜਾ/ਰਾਣੀ ਰਾਜ ਕਰੇਗਾ।

# ਸਫਲ ਪਰਵਾਸੀ ਕਲਮ : ਜਸਵੰਤ ਵਾਗਲਾ



ਪ੍ਰੀਤਮ ਲੁਧਿਆਣਵੀ
+91-9876428641

ਪੰਜਾਬੀ ਸਾਹਿਤ-ਜਗਤ ਵਿਚ ਜਸਵੰਤ ਵਾਗਲਾ ਨਾਂਓ ਕਿਸੇ ਜਾਣ-ਪਛਾਣ ਦਾ ਮੁਹਥਾਜ ਨਹੀ। ਆਪਣੇ ਦੋ ਮੌਲਿਕ ਗ਼ਜ਼ਲ ਸੰਗ੍ਰਿਹ 'ਹਾਦਸਿਆਂ ਦਾ ਜੰਗਲ' ਅਤੇ 'ਝਾਂਜਰ' ਸਾਹਿਤ ਦੀ ਝੋਲੀ ਪਾਉਣ ਦੇ ਨਾਲ-ਨਾਲ ਆਸਟਰੇਲੀਆ ਵਿੱਚ ਰਹਿੰਦੇ ਲਹਿੰਦੇ ਪੰਜਾਬ ਅਤੇ ਚੜਦੇ ਪੰਜਾਬ ਦੇ ਦਸ ਗ਼ਜ਼ਲਗੋਆ ਦੇ ਸਾਂਝੇ ਗ਼ਜ਼ਲ-ਸੰਗ੍ਰਿਹ 'ਜਗਦੇ ਹਰਫ਼ਾਂ ਦੀ ਡਾਰ' ਵਿੱਚ ਵੀ ਉਹ ਆਪਣੀ ਕਲਮ ਦੇ ਜ਼ੌਹਰ ਦਿਖਾ ਚੁੱਕਾ ਹੈ ।

ਆਪਣੀ ਧਰਤੀ ਨਾਲ਼ੋਂ ਟੁੱਟ ਕੇ ਜਦੋਂ ਕੋਈ ਸਾਹਿਤਕ ਵਿਅਕਤੀ ਪਰਵਾਸ ਧਾਰਨ ਕਰਦਾ ਹੈ ਤਾਂ ਉਸਦੀ ਮਨੋ-ਧਰਾਤਲ ਤੇ ਬਹੁਤ ਗਹਿਰਾ ਪ੍ਰਭਾਵ ਪੈਂਦਾ ਹੈ । ਇਹ ਪ੍ਰਭਾਵ ਰੁਦਨ ਦੇ ਰੂਪ ਵਿੱਚ ਉਸਦੀਆਂ ਲਿਖਤਾਂ ਵਿੱਚ ਵਿਦਮਾਨ ਰਹਿੰਦਾ ਹੈ। ਪਰ ਇੱਕਵੀਂ ਸਦੀ ਦੇ ਬਦਲਦੇ ਸੰਸਾਰ ਵਿੱਚ ਜਸਵੰਤ ਵਰਗੇ ਹਸੂ-ਹਸੂ ਕਰਦੇ ਚਿਹਰੇ ਵਾਲੇ ਨੌਜਵਾਨ ਪਰਵਾਸ ਦੇ ਦੌਰਾਨ ਆਪਣੇ ਅੱਖਰਾਂ ਨੂੰ ਖੁਰਣ ਨਹੀਂ ਦਿੰਦੇ, ਸਗੋਂ ਪੰਜਾਬੀਅਤ ਦੀ ਮਹਿਕ ਨਾਲ ਸ਼ਰਸ਼ਾਰ ਰੱਖਦੇ ਹੋਏ ਆਪਣੀ ਕਲਮ ਨੂੰ ਉਦਾਸੀਨਤਾ ਅਤੇ ਉਪਰਾਮਤਾ ਤੋਂ ਬਚਾਈ ਰੱਖਦੇ ਹਨ।

ਪੰਜਾਬ ਵਿਚ ਪੈਂਦੇ ਜ਼ਿਲ੍ਹਾ ਨਵਾਂ ਸ਼ਹਿਰ ਦੇ ਪਿੰਡ ਰਟੈਂਡਾ ਨਾਲ ਸੰਬੰਧਿਤ ਅਤੇ ਅੱਜ-ਕਲ ਬ੍ਰਿਸਬੇਨ ਆਸਟਰੇਲੀਆ ਦੀ ਧਰਤ ਤੇ ਡੇਰੇ ਲਾਈ ਬੈਠਾ ਨੌਜਵਾਨ ਸ਼ਾਇਰ ਜਸਵੰਤ ਵਾਗਲਾ ਦੱਸਦਾ ਹੈ ਕਿ ਉਸਦਾ ਵਿੱਦਿਅਕ-ਜੀਵਨ ਚੰਡੀਗੜ੍ਹ ਸ਼ਹਿਰ ਵਿੱਚ ਬੀਤਿਆ ਹੈ। ਉਸਦਾ ਪਰਿਵਾਰ ਹੁਣ ਖਰੜ ਵਿਖੇ ਰਹਿ ਰਿਹਾ ਹੈ। ਜਸਵੰਤ ਹੁਰੀਂ ਤਿੰਨੇ ਭਰਾ ਹੀ ਪਰਵਾਸੀ ਹਨ। ਕਵਿਤਾ ਨਾਲ ਉਸਦਾ ਮੋਹ ਬਚਪਨ ਤੋਂ ਹੀ ਸੀ। ਆਪਣੇ ਸਕੂਲੀ ਜੀਵਨ ਦੌਰਾਨ ਹੀ ਉਹ ਕਵਿਤਾ ਬੋਲਣ ਵਿੱਚ ਆਨੰਦ ਮਹਿਸੂਸ ਕਰਨ ਲੱਗ ਪਿਆ ਸੀ । ਜਵਾਨੀ ਦੀ ਦਹਿਲੀਜ਼ ਤੇ ਪੈਰ ਰੱਖਦਿਆਂ ਹੀ ਉਸ ਨੂੰ ਉਸਤਾਦ ਉਲਫ਼ਤ ਬਾਜਵਾ ਵਰਗੇ ਮੰਝੇ ਹੋਏ ਉਸਤਾਦ ਦਾ ਸਾਥ ਮਿਲਿਆ। ਫਿਰ ਉਸਤਾਦ ਗੁਰਦਿਆਲ ਰੌਸ਼ਨ ਜੀ ਵਰਗੇ ਸਮਰੱਥ ਉਸਤਾਦ ਦੀ ਰਹਿਨੁਮਾਈ ਨੇ ਜਸਵੰਤ ਦੇ ਅੰਦਰਲੇ ਸ਼ਾਇਰ ਨੂੰ ਪੂਰੀ ਤਰ੍ਹਾਂ ਜਗਾ ਦਿੱਤਾ। ਉਹ ਹੌਲੀ -ਹੌਲੀ ਗ਼ਜ਼ਲਗੋਈ ਦੇ ਖੇਤਰ ਵਿਚ ਨਿੱਠ ਕੇ ਲਿਖਣ ਲੱਗ ਪਿਆ ।

ਆਪਣੀ ਪਤਨੀ ਜਸਵਿੰਦਰ ਕੌਰ ਅਤੇ ਦੋ ਬੱਚੇ ਵਿਕਟਰ ਵਾਗਲਾ ਅਤੇ ਜਸਟਿਨ ਵਾਗਲਾ ਨਾਲ ਵਿਦੇਸ਼ਾਂ ਵਿਚ ਰਹਿ ਰਿਹਾ ਜਸਵੰਤ ਮੂਲ ਰੂਪ ਵਿਚ ਮਾਨਵੀ ਭਾਵਨਾਵਾਂ ਦੀ ਤ੍ਰਿਸਕਾਰੀ ਅਤੇ ਪਦਾਰਥਵਾਦੀ ਯੁੱਗ ਵਿਚ ਰਿਸ਼ਤਿਆਂ ਦੀ ਅਧੋਗਤੀ ਨੂੰ ਚਿਤਰਣ ਵਾਲਾ ਸ਼ਾਇਰ ਹੈ । ਉਹ ਮੁਹੱਬਤ ਅਤੇ ਭਾਈਚਾਰੇ ਵਿਚ ਪੈ ਰਹੀਆਂ ਤ੍ਰੇੜਾਂ ਅਤੇ ਤਲਖੀਆਂ ਨੂੰ ਬਾ-ਖੂਬੀ ਨਾਲ ਆਪਣੀ ਪਕੜ ਵਿਚ ਲਿਆਉਂਦਾ ਹੈ। ਸਮਾਜ ਵਿਚ ਪਸਰੀ ਜਾਤ-ਪਾਤ, ਆਰਥਿਕ ਨਾ-ਬਰਾਬਰੀ, ਸਮਾਜਿਕ ਬੰਧਨ ਉਸਦੀ ਸ਼ਾਇਰੀ ਦੇ ਹੋਰ ਕੇਂਦਰ ਬਿੰਦੂ ਹਨ । ਉਸਦੀ ਸ਼ਬਦਾਵਲੀ ਪੰਜਾਬੀਅਤ ਦੇ ਰੰਗ ਵਿਚ ਰੰਗੀ ਹੋਈ ਮਿਲਦੀ ਹੈ । ਸਰਲ ਅਤੇ ਸੌਖੇ ਸ਼ਬਦਾਂ ਨਾਲ ਹੀ ਉਹ ਆਪਣੀ ਗੱਲ ਖੂਬ-ਸੂਰਤੀ ਸਹਿਤ ਕਹਿ ਜਾਂਦਾ ਹੈ। ਉਸਦੀ ਸ਼ਿੱਦਤ ਅਤੇ ਸਮਰਪਣ ਤੋਂ ਲੱਗਦਾ ਹੈ ਕਿ ਉਹ ਪੰਜਾਬੀ ਸਾਹਿਤ ਨੂੰ ਨਰੋਈਆਂ ਅਤੇ ਨਵੇਕਲੀਆਂ ਗ਼ਜ਼ਲਾਂ ਦੇਵੇਗਾ। ਗ਼ਜ਼ਲ ਵਿਧਾਨ ਦੇ ਪੱਖ ਤੋਂ ਉਸਨੇ ਛੋਟੀ ਅਤੇ ਵੱਡੀ ਦੋਵਾਂ ਹੀ ਬਹਿਰਾਂ ਵਿਚ ਕਲਮ ਅਜ਼ਮਾਈ ਹੈ। ਫੇਲੁਨੀ ਬਹਿਰਾਂ ਵਿਚ ਵੀ ਉਸਨੇ ਚੌਖੀਆਂ ਗ਼ਜ਼ਲਾਂ ਲਿਖੀਆਂ ਹਨ।

ਵਿਦੇਸ਼ਾਂ ਵਿਚ ਰਹਿੰਦਿਆਂ ਜਿਥੇ ਲਿਖਣ ਲਈ ਵਕਤ ਕੱਢਣਾ ਔਖਾ ਹੈ, ਉਥੇ ਸਾਹਿਤਕ ਸਰਗਰਮੀਆਂ ਨੂੰ ਜ਼ਾਰੀ ਰੱਖਣਾ ਵੀ ਆਪਣੇ ਆਪ ਵਿੱਚ ਇਕ ਘਾਲਣਾ ਹੈ । ਪਰ ਜਸਵੰਤ ਵਾਗਲਾ ਦੋਵਾਂ ਹੀ ਕਾਰਜਾਂ ਨੂੰ ਪੂਰੀ ਤਨਦੇਹੀ ਨਾਲ ਨਿਭਾ ਰਿਹਾ ਹੈ । 'ਇੰਡੋਜ਼ ਪੰਜਾਬੀ ਸਾਹਿਤ ਸਭਾ ਬ੍ਰਿਸਬੇਨ ਦੇ ਇਸ ਸਰਗਰਮ ਮੈਂਬਰ ਵਾਗਲਾ ਨੇ ਇਕ ਸਵਾਲ ਦਾ ਜੁਵਾਬ ਦਿੰਦਿਆਂ ਕਿਹਾ, 'ਮੇਰੀਆਂ ਗ਼ਜ਼ਲਾਂ ਪ੍ਰਸਿੱਧ ਪੰਜਾਬੀ ਗ਼ਜ਼ਲ-ਗਾਇਕ ਸੁਨੀਲ ਡੋਗਰਾ ਜੀ ਤੇ ਗਾਇਕ ਬਲਜਿੰਦਰ ਬੈਂਸ ਨੇ ਗਾਈਆਂ ਹਨ।'

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸੱਚੇ-ਸੁੱਚੇ ਸਪੂਤ ਜਸਵੰਤ ਵਾਗਲਾ ਲਈ ਉਹ ਦਿਨ ਦੂਰ ਨਹੀਂ ਜਦੋਂ



ਸਫਲਤਾਵਾਂ ਦੀਆਂ ਹੋਰ ਵੀ ਉਚੇਰੀਆਂ ਮੰਜਲਾਂ ਉਸ ਦੇ ਕਦਮੀ ਆ-ਆ ਢਹਿਣਗੀਆਂ । ਰੱਬ ਕਰੇ ਉਹ ਸੁਲੱਖਣੀ ਸਵੇਰ ਜਲਦੀ ਆਵੇ ! ਆਮੀਨ !

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

**Guru- Piari Sadh Sangat Ji,**

*Devoted families are requesting entire Sangat to attend the following functions:*

**November 9, 2019**
**Sukhmani Sahib Path and Langar Sewa by Vikramvir Sharma and Jaspreet Sharma**

Sri Sukhmani Sahib Path and Langar Sewa will be hosted by Bhai Vikramvir Sharma, Jaspreet Sharma and family for Sukh Shanti of their family. May Waheguru bless Sharma family.

**November 15-16-17, 2019**

Sri Guru Nanak Dev Ji's "Parkash Utsav" will be celebrated at our Gurughar on November 17, 2019. Akhand path will start on Friday 11/15/2019, at 10:00 AM and will be concluded with Bhog ceremony on Sunday morning 11/17/2019. Path and Langar Sewa will be hosted by Bhai Varinder Kumar Sudhir and family.

**San Francisco Sadh Sangat Samagam 2019**
**November 28 to December 01, 2019**

Samagam start at 4:30 pm on November 28 (Thursday) and ends at 12:00 pm on December 01 (Sunday)

**Sangat De Sewadar**
**Jagtar Bhatia (Chairman), Shinder Paul Narabut (President)**
**Dharam Pal Chonkria (General Secretary),**
**Vinod Kumar (Treasurer)**

# ਸ਼ਹੀਦ ਊਧਮ ਸਿੰਘ ਹੈਲਪਿੰਗ ਹੈਂਡ ਫਾਊਂਡੇਸ਼ਨ, ਕੈਨੇਡਾ ਵੱਲੋਂ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਸੈਮੀਨਾਰ ਅਤੇ ਫੰਡ ਰੇਜ਼ਿੰਗ ਡਿਨਰ











ਬੀਤੇ ਦਿਨੀਂ 14 ਸਤੰਬਰ 2019 ਨੂੰ ਸ਼ਹੀਦ ਊਧਮ ਸਿੰਘ ਹੈਲਪਿੰਗ ਹੈਂਡ ਫਾਊਂਡੇਸ਼ਨ, ਸਰੀ ਦੇ ਪ੍ਰਬੰਧਕਾਂ ਵੱਲੋਂ ਜਲ੍ਹਿਆਂ ਵਾਲੇ ਬਾਗ ਦੇ ਖੂਨੀ ਸਾਕੇ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਸੈਮੀਨਾਰ ਅਤੇ ਫੰਡ ਰੇਜ਼ਿੰਗ ਡਿਨਰ ਗਰੈਂਡ ਤਾਜ ਬੈਂਕੁਇਟ ਹਾਲ ਸਰੀ ਵਿਖੇ ਆਯੋਜਿਤ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਫਾਊਂਡੇਸ਼ਨ ਦੇ ਮੈਂਬਰ ਗੁਰਪ੍ਰੀਤ ਸਿੰਘ ਥਿੰਦ ਨੇ ਹਾਜ਼ਰੀਨ ਨੂੰ ਜੀ ਆਇਆਂ ਕਹਿ ਕੇ ਕੀਤੀ। ਇਸ ਉਪਰੰਤ ਅਕਾਲ ਅਕੈਡਮੀ ਦੇ ਵਿਦਿਆਰਥੀਆਂ ਨੇ ਰਾਸ਼ਟਰੀ ਗੀਤ ਅਤੇ ਸ਼ਬਦ ਗਾਇਨ ਕੀਤਾ। ਸੁਨਾਮ (ਪੰਜਾਬ) ਤੋਂ ਪਹੁੰਚੇ ਗੈਸਟ ਸਪੀਕਰ ਭਰਤ ਹਰੀ ਪੂਰੀ ਨੇ ਫਾਊਂਡੇਸ਼ਨ ਵੱਲੋਂ ਪੰਜਾਬ ਵਿਚ ਸ਼ਹੀਦ ਊਧਮ ਸਿੰਘ ਦੀ ਜਨਮ ਭੂਮੀ ਸੁਨਾਮ ਤੋਂ ਲੈ ਕੇ ਪੰਜਾਬ ਵਿਚ ਵੱਖ-ਵੱਖ ਥਾਈਂ ਕੀਤੇ ਜਾਂਦੇ ਲੋਕ ਭਲਾਈ ਦੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਜਿਹਨਾਂ ਵਿਚੋਂ ਪ੍ਰਮੁੱਖ ਕਾਰਜ ਸਾਧਨਹੀਣ ਲੋਕਾਂ ਲਈ ਅੱਖਾਂ ਦੇ ਮੁਫ਼ਤ ਅਪਰੇਸ਼ਨ ਕੈਂਪ, ਮੈਡੀਕਲ ਚੈਂਕਅਪ ਕੈਂਪ, ਲੋੜਵੰਦ ਮਾਪਿਆਂ ਦੀਆਂ ਧੀਆਂ ਦੇ ਵਿਆਹ ਕਰਨੇ, ਸਿਲਾਈ ਸੈਂਟਰ ਖੋਲ੍ਹ ਕੇ ਲੜਕੀਆਂ ਨੂੰ ਹੱਥੀਂ ਕੰਮ ਕਰਨਾ ਸਿਖਾ ਕੇ ਆਤਮ ਨਿਰਭਰ ਬਣਾਉਣਾ, ਰੁਜ਼ਗਾਰ ਹਾਸਲ ਕਰਨ ਲਈ ਸਿਲਾਈ ਮਸ਼ੀਨਾਂ ਵੰਡਣੀਆਂ, ਸਕੂਲਾਂ ਕਾਲਜਾਂ ਵਿਚ ਸੈਮੀਨਾਰ ਕਰਕੇ ਲੜਕੀਆਂ ਵਿਚ ਆਤਮ ਵਿਸ਼ਵਾਸ ਪੈਦਾ ਕਰਕੇ ਹੱਕਾਂ ਅਤੇ ਫਰਜ਼ਾਂ ਪ੍ਰਤੀ ਸੁਚੇਤ ਕਰਨਾ ਆਦਿ ਬਾਰੇ ਜਾਣਕਾਰੀ ਦਿੱਤੀ। ਗੈਸਟ ਸਪੀਕਰ ਡਾ. ਰਘਬੀਰ, ਸੇਵਾ ਮੁਕਤ ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਰਿਜਨਲ ਕੈਂਪਸ ਜਲੰਧਰ ਅਤੇ ਸਾਬਕਾ ਜਨਰਲ ਸਕੱਤਰ, ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਨੇ ਜਲ੍ਹਿਆਂ ਵਾਲੇ ਬਾਗ ਵਿਚ 13 ਅਪ੍ਰੈਲ 1919 ਦੀ ਵਿਸਾਖੀ ਨੂੰ ਸ਼ਾਂਤੀ ਪੂਰਵਕ ਲੋਕਾਂ ਦੇ ਇਕੱਠ ਉੱਤੇ ਗੋਲੀਆਂ ਦਾ ਮੀਂਹ ਵਰ੍ਹਾ ਕੇ ਵਹਿਸ਼ੀ ਕਤਲੇਆਮ ਕਰਕੇ ਭਾਰਤੀਆਂ ਦੇ ਮਨਾਂ ਅੰਦਰ ਜਿਹੜੇ ਨਫ਼ਰਤ ਦੇ ਬੀਜ ਬੀਜੇ ਸਨ, ਉਹਨਾਂ ਬੀਜਾਂ ਵਿਚੋਂ ਹੀ ਅਣਖੀ ਨੌਜਵਾਨ ਊਧਮ ਸਿੰਘ ਦੇ ਮਨ ਵਿਚ ਫੁੱਟੀ ਆਜ਼ਾਦੀ ਰੂਪੀ ਲਗਰ ਨੇ ਪੂਰੇ 21 ਸਾਲ ਬਾਅਦ ਇਸ ਕਤਲੇਆਮ ਦੇ ਜ਼ਿੰਮੇਵਾਰ ਉਸ ਸਮੇਂ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਮਾਈਕਲ ਉਡਵਾਇਰ ਨੂੰ ਲੰਡਨ ਦੇ ਕੈਕਸਟਨ ਹਾਲ ਵਿਚ ਗੋਲੀ ਮਾਰ ਕੇ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਦੇਸ਼ ਭਗਤਾਂ ਦੀ ਕੁਰਬਾਨੀ ਸਦਕਾ ਭਾਰਤ ਨੂੰ ਆਜ਼ਾਦੀ ਤਾਂ ਹਾਸਲ ਹੋ ਗਈ ਪਰ ਅੱਜ ਸੌ ਸਾਲ ਬਾਅਦ ਵੀ ਕੋਈ ਸਿਫਤੀ ਤਬਦੀਲੀ ਨਹੀਂ ਹੈ। ਗੋਰਿਆਂ ਦੀ ਥਾਂ ਕਾਲੇ ਹਾਕਮ ਬਣ ਗਏ, ਭਾਰਤ ਦੀ ਸਮਕਾਲੀ ਸਥਿਤੀ ਵਿਚ ਅੱਜ ਵੀ ਰੋਲਟ ਐਕਟ ਬਦਲਵੇਂ ਰੂਪ ਵਿਚ ਲੋਕਾਂ ਉਪਰ ਲਾਗੂ ਹੈ। ਡਾ. ਸੁਰਿੰਦਰ ਧੰਜਲ, ਕਨਵੀਨਰ, ਪਾਸ਼ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਅਤੇ ਪ੍ਰੋਫੈਸਰ ਐਮੀਰਾਈਟਸ ਥੋਮਪਸਨ ਰਿਵਰਜ਼, ਯੂਨੀਵਰਸਿਟੀ ਕੈਮਲੂਪਸ, ਬੀ. ਸੀ. ਨੇ ਸ਼ਹੀਦ ਊਧਮ ਸਿੰਘ ਦੀ ਵਿਚਾਰਧਾਰਾ ਬਾਰੇ ਬੜੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ ਅਤੇ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਦੀ ਪਹਿਲਕਦਮੀ ਕਰਨ ਵਾਲੀ ਐਸ. ਯੂ. ਐਸ. ਹੈਲਪਿੰਗ ਹੈਂਡ ਫਾਊਂਡੇਸ਼ਨ ਦੇ ਕਾਰਜਾਂ ਦੀ ਪ੍ਰਸੰਸਾ ਕੀਤੀ। ਇਸ ਸਮਾਗਮ ਦੇ ਮੰਚ ਸੰਚਾਲਨ ਦੀ ਭੂਮਿਕਾ ਡਾ. ਪ੍ਰਗਟ ਸਿੰਘ ਭੁਰਜੀ ਅਤੇ ਸ੍ਰੀਮਤੀ ਦੁਪਿੰਦਰ ਕੌਰ ਸਰਾਂ ਨੇ ਬਾਖੂਬੀ ਨਿਭਾਈ। ਫਾਊਂਡੇਸ਼ਨ ਦੇ ਪ੍ਰਬੰਧਕਾਂ ਲਖਬੀਰ ਸਿੰਘ ਰਤਨਪਾਲ, ਦਲੇਰ ਸਿੰਘ ਚੰਦੀ, ਸੁਖਵਿੰਦਰ ਸਿੰਘ ਰਤਨਪਾਲ, ਗੁਰਪ੍ਰੀਤ ਸਿੰਘ ਥਿੰਦ ਅਤੇ ਅੰਗਰੇਜ਼ ਸਿੰਘ ਥਿੰਦ ਨੇ ਸਮੂਹ ਬੁਲਾਰਿਆਂ ਦਾ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨ ਕੀਤਾ ਗਿਆ। ਇਹ ਸਮਾਗਮ ਵੱਡੀ ਗਿਣਤੀ ਵਿਚ ਹਾਜ਼ਰ ਲੋਕਾਂ ਦੇ ਮਨਾਂ ਵਿਚ ਅਮਿੱਟ ਛਾਪ ਛੱਡ ਗਿਆ।

## ਗੱਲ

ਗੱਲ–
ਕੁੱਖ ਤੋਂ ਸ਼ੁਰੂ ਹੋਈ
ਤੇ
ਕਬਰ ’ਤੇ ਜਾ ਮੁੱਕੀ
ਸਮੁੰਦਰ–
ਕੋਈ ਤੈਰਨ ਦੀ
ਸ਼ੈਅ ਨਹੀਂ
ਡੀਕ ਜਾਣ ਦੀ ਗੱਲ ਹੈ
ਦੋਸ਼–
ਅੱਲਾ ਦਾ ਨਹੀਂ
ਰੂਹਾਂ–ਇੱਤਿਫਾਕਨ ਨਹੀਂ ਮਰਦੀਆਂ
ਇਕ ਈਸਾ ਮਰਦਾ
ਤੇ ਦੂਜਾ ਗੋਬਿੰਦ ਜੰਮਦਾ ਹੈ
ਗੱਲ ਤਾਂ
ਕੁੱਖ ਤੋਂ ਸ਼ੁਰੂ ਹੋ ਕੇ
ਕਬਰ ’ਤੇ ਜਾ ਮੁੱਕਦੀ ਹੈ
ਮੁਨੱਸਰ ਤੁਹਾਡੇ ’ਤੇ ਹੈ ਯਾਰੋ
ਜੰਗ ਲੜਣੀ ਹੈ
ਜਾਂ
ਰੂਹ ਨੂੰ ਸਮੇਂ ਦੀ ਕਬਰ ਵਿੱਚ ਦਫ਼ਨ ਕਰਨਾ ਹੈ?
ਗੱਲ ਤਾਂ ਕੁੱਖ ਤੋਂ ਸ਼ੁਰੂ ਹੋ ਕੇ...!



**– ਐਸ ਬਲਵੰਤ**

# ਪੰਜਾਬੀ ਸਿਨੇਮਾਂ ਦੇ ਮਾਣ ’ਚ ਵਾਧਾ ਕਰੇਗੀ ‘ਪਦਮਾ ਸ੍ਰੀ ਕੌਰ ਸਿੰਘ’

'ਭਾਗ ਮਿਲਖਾ ਭਾਗ' ਜਿਹੀਆਂ ਕਈ ਬੇਹਤਰੀਣ ਫਿਲਮਜ਼ ਦੁਆਰਾ ਬਾਲੀਵੁੱਡ ਨੂੰ ਨਵੀਆਂ ਉਚਾਈਆਂ ਅਤੇ ਸਰਾਹਣਾ ਦੇ ਰਹੇ ਬਾਇਓਗ੍ਰਾਫੀ ਟ੍ਰੈਂਡ ਨੇ ਹੁਣ ਪੰਜਾਬੀ ਫ਼ਿਲਮਜ਼ ਨਿਰਮਾਤਾ, ਨਿਰਦੇਸ਼ਕਾਂ ਨੂੰ ਵੀ ਮਹਾਨ ਸਖ਼ਸੀਅਤਾਂ ਦੇ ਸੰਘਰਸ਼ ਅਤੇ ਪ੍ਰਾਪਤੀਆਂ ਨੂੰ ਦਰਸਾਉਂਦੀਆਂ ਫਿਲਮਾਂ ਬਣਾਉਣ ਲਈ ਪ੍ਰੇਰਿਤ ਕੀਤਾ ਹੈ, ਜਿਸ ਦੇ ਮੱਦੇਨਜ਼ਰ ਹੀ ਆਪਣੇ ਦੇਸ਼, ਅਸਲ ਜੜ੍ਹਾ ਪ੍ਰਤੀ ਫ਼ਰਜ ਨਿਭਾਉਣ ਲਈ ਯਤਨਸ਼ੀਲ ਹੋਏ ਹਨ , ਪ੍ਰਤਿਭਾਵਾਨ ਅਦਾਕਾਰ ਅਤੇ ਨਿਰਮਾਤਾ ਕਰਮ ਬਾਠ , ਜੋ ਸਾਬਕਾ ਹੈਵੀਵੇਟ ਚੈਪੀਅਨ, ਉਲੰਪਿਅਨ ਕੌਰ ਸਿੰਘ ਸਬੰਧਤ ਫ਼ਿਲਮ 'ਪਦਮਾ ਸ੍ਰੀ ਕੌਰ ਸਿੰਘ’ ਦਰਸ਼ਕਾਂ ਸਨਮੁੱਖ ਕਰਨ ਜਾ ਰਹੇ ਹਨ, ਜਿਸ ਦੁਆਰਾ ਬੇਸ਼ੁਮਾਰ ਖੇਡ ਪ੍ਰਾਪਤੀਆਂ ਪੰਜਾਬ ਅਤੇ ਪੰਜਾਬੀਅਤ ਦੀ ਝੋਲੀ ਪਾ ਚੁੱਕੀ ਇਸ ਮਾਣਮੱਤੀ ਦਾ ਹਸਤੀ ਦਾ ਦਲੇਰਾਨਾ ਜੀਵਨ ਅਤੇ ਖੇਡ ਸਫ਼ਰ ਪੰਜਾਬੀ ਸਿਨੇਮਾਂ ਸਕਰੀਨ ਤੇ ਫਿਰ ਜੀਵੰਤ ਕੀਤਾ ਜਾ ਰਿਹਾ ਹੈ। ਮੂਲ ਰੂਪ ਵਿਚ ਰਿਆਸਤੀ ਜਿਲ੍ਹੇ ਪਟਿਆਲਾ ਨਾਲ ਤਾਲੁਕ ਰੱਖਦੇ ਅਤੇ ਅਜਕਲ ਕੈਨੇਡਾ ਵਸੇਂਦੇ ਅਦਾਕਾਰ ਕਰਮ ਬਾਠ ਆਪਣੇ ਹੁਣ ਤੱਕ ਦੇ ਅਭਿਨੈ ਕਰਿਅਰ ਬਾਰੇ ਨਜ਼ਰਸਾਨੀ ਕਰਵਾਉਂਦਿਆਂ ਦੱਸਦੇ ਹਨ ਕਿ ਅਭਿਨੈ ਖਿੱਤਾ ਬਚਪਣ ਤੋਂ ਹੀ ਉਨਾਂ ਲਈ ਖਿੱਚ ਅਤੇ ਆਕਰਸ਼ਨ ਦਾ ਕੇਂਦਰ ਬਿੰਦੂ ਰਿਹਾ , ਜਿਸ ਦੇ ਚਲਦਿਆਂ ਹੀ ਉਨਾਂ ਦੇ ਇਸ ਮੋਹ ਨੇ ਉਨਾਂ ਨੂੰ ਥੀਏਟਰ ਤੱਕ ਜਾ ਪਹੁੰਚਾਇਆ, ਜਿੱਥੇ ਦਿਗਜ਼ ਨਾਟਕਕਾਰਾਂ ਨਾਲ ਅਰਥਭਰਪੂਰ ਨਾਟਕ ਕਰਦਿਆਂ ਉਨਾਂ ਨੂੰ ਅਭਿਨੈ ਬਾਰੀਕਿਆਂ ਸਿੱਖਣ, ਸਮਝਣ ਦੇ ਕਾਫੀ ਅਵਸਰ ਮਿਲੇ । ਉਨਾ ਦੱਸਿਆ ਕਿ ਥੀਏਟਰ ਜਗਤ ਵਿਚ ਪਰਪੱਕਤਾਂ ਹਾਸਿਲ ਕਰਨ ਬਾਅਦ ਉਨਾਂ ਨਿਰਮਾਤਾ ਵਜੋਂ ਪੰਜਾਬੀ ਫਿਲਮ 'ਧਰਮ ਯੁੱਧ’ ਦਾ ਨਿਰਮਾਣ ਕੀਤਾ , ਜਿਸ ਨੂੰ ਵਿਦੇਸ਼ਾਂ ਵਿਚ ਮਿਲੀ ਸਲਾਹੁਤਾ ਨੇ ਉਨਾਂ ਦਾ ਹੌਸਲਾ ਅਤੇ ਉਤਸ਼ਾਹ ਕਾਫੀ ਬੁਲੰਦ ਕੀਤਾ । ਪੰਜਾਬੀ ਫਿਲਮ ਸਨਅਤ ਵਿਚ ਪੜਾਅ ਦਰ ਪੜਾਅ ਮਜਬੂਤ ਪੈੜ੍ਹਾ ਸਥਾਪਿਤ ਕਰ ਰਹੇ ਹੋਣਹਾਰ ਅਦਾਕਾਰ ਸ੍ਰੀ ਬਾਠ ਨੇ ਅੱਗੇ ਦੱਸਿਆ ਕਿ ਪਲੇਠੇ ਫਿਲਮੀ ਪ੍ਰੋਜੈਕਟ ਨੂੰ ਮਿਲੇ ਭਰਪੂਰ ਦਰਸ਼ਕ ਹੁੰਗਾਰੇ ਬਾਅਦ ਉਨਾਂ ਅੱਗੇ ਹੋਰ ਬੇਤਹਰੀਣ ਸਿਨੇਮਾਂ ਕੋਸ਼ਿਸ਼ਾਂ ਆਪਣੇ ਮਾਂ ਬੋਲੀ ਸਿਨੇਮਾਂ ਲਈ ਅੰਜਾਮ ਦੇਣ ਦਾ



ਤਹੱਈਆਂ ਕੀਤਾ ਹੈ, ਜਿਸ ਦੇ ਚਲਦਿਆਂ ਹੀ ਪਦਮਾ ਸ੍ਰੀ ਕੌਰ ਸਿੰਘ ਫਿਲਮ ਦਾ ਨਿਰਮਾਣ ਉਨਾਂ ਦੇ ਪ੍ਰੋਡੋਕਸ਼ਨ ਹਾਊਸ ਵੱਲੋਂ ਕੀਤਾ ਜਾ ਰਿਹਾ ਹੈ। ਉਨਾਂ ਦੱਸਿਆ ਕਿ ਉਲੰਪਿਕਸ 1984 ਵਿਚ ਭਾਰਤ ਦੀ ਨੁਮਾਇੰਦਗੀ ਕਰ ਚੁੱਕੇ ਸ੍ਰੀ ਕੌਰ ਸਿੰਘ ਨੂੰ ਭਾਰਤੀ ਖੇਡਾਂ ਵਿਚ ਪਾਏ ਗਏ ਉਲੇਖਯੋਗ ਯੋਗਦਾਨ ਦੇ ਮੱਦੇਨਜਰ ਪਦਮਾ ਸ੍ਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ, ਜਿਸ ਤੋਂ ਬਾਅਦ ਇਸ ਸਤਿਕਾਰਿਤ ਸਖਸੀਅਤ ਨੇ ਖੇਡ ਖੇਤਰ ਵਿਚ ਹੋਰ ਸ਼ਾਨਦਾਰ ਮੱਲ੍ਹਾ ਮਾਰਦਿਆਂ ਅੰਤਰਰਾਸ਼ਟਰੀ ਮੁੱਕੇਬਾਜ ਮੁਹੰਮਦ ਅਲੀ ਨਾਲ ਭਿੜਨ ਅਤੇ ਉਸ ਨੂੰ ਸਖਤ ਟੱਕਰ ਦੇਣ ਦਾ ਮਾਣ ਵੀ ਹਾਸਿਲ ਕੀਤਾ । ਉਨਾਂ ਦੱਸਿਆ ਕਿ ਏਸ਼ੀਅਨ ਖੇਡਾਂ ਵਿਚ ਸਵਰਨ ਤਮਗਾ ਹਾਸਿਲ ਕਰ ਚੁੱਕੇ ਅਤੇ ਅਰਜੁਨ ਐਵਾਰਡ ਆਪਣੀ ਝੋਲੀ ਪਾ ਕਰ ਚੁੱਕੇ ਸ੍ਰੀ ਕੌਰ ਸਿੰਘ ਦਾ ਜੀਵਨ ਕਾਫੀ ਸੰਘਰਸ਼ਪੂਰਨ ਰਿਹਾ ਹੈ, ਜਿੰਨਾਂ ਅਥਾਹ ਔਕੜ੍ਹਾ ਦਾ ਸਾਹਮਣਾ ਕਰਦਿਆਂ ਕਦੀ ਵੀ ਆਪਣੇ ਮਨੋਬਲ ਅਤੇ ਕੁਝ ਕਰ ਗੁਜਰਣ ਦੇ ਜਜਬਿਆਂ ਦੀ ਅੱਗ ਨੂੰ ਮੱਧਮ ਨਹੀਂ ਹੋਣ ਦਿੱਤਾ ਅਤੇ ਇਹੀ ਸਾਰਾ ਜੁਝਾਰੂ ਮੰਜਰ ਉਨਾਂ ਦੀ ਨਿਰਮਾਣਅਧੀਨ ਫਿਲਮ ਵਿਚ ਦਰਸਾਇਆ ਗਿਆ ਹੈ, ਜੋ ਅੱਜ ਦੀ ਨੌਜਵਾਨ ਪੀੜ੍ਹੀ ਲਈ ਵੀ ਇਕ ਮਾਰਗਦਰਸ਼ਨ ਵਾਂਗ ਅਤੇ ਪ੍ਰੇਰਣਾਸ੍ਰੋਤ ਸਾਬਿਤ ਹੋਵੇਗਾ। ਉਨ੍ਹਾ ਅੱਗੇ ਦੱਸਿਆ ਕਿ ਹਿੰਦੀ ਸਿਨੇਮਾਂ ਦੇ ਬਾਕਮਾਲ ਨਿਰਦੇਸ਼ਕ ਵਿਕਰਮ ਪ੍ਰਧਾਨ ਦੁਆਰਾ ਨਿਰਦੇਸ਼ਿਤ ਕੀਤੀ ਜਾ ਰਹੀ ਇਸ ਫਿਲਮ ਦੀ ਕਹਾਣੀਕਰਤਾ ਜਿਆ ਠੱਕਰ ਹਨ, ਜਦਕਿ ਮੋਲੋਡੀਅਸ ਸੰਗੀਤ ਜਤਿੰਦਰ ਸ਼ਾਹ ਨੇ ਰਚਿਆ ਹੈ । ਉਨਾਂ ਦੱਸਿਆ ਕਿ ਸਹਿ ਨਿਰਮਾਤਾਵਾਂ ਜਿਆ ਠੱਕਰ, ਗੁਰਲਵ ਸਿੰਘ ਰਾਟੌਲ, ਕੰਵਰ ਨਿਹਾਲ ਸਿੰਘ ਦੇ ਨਿਰਮਾਣ ਸਹਿਯੋਗ ਨਾਲ ਬਣਾਈ ਜਾ ਰਹੀ ਇਸ ਫਿਲਮ ਵਿਚ ਲੀਡ ਭੂਮਿਕਾ ਉਹ ਖੁਦ ਨਿਭਾ ਰਹੇ ਹਨ, ਜਿਸ ਲਈ ਉਨਾਂ ਕਈ ਮਹੀਨਿਆਂ ਤੱਕ ਸਖਤ ਸਰੀਰਕ ਅਤੇ ਮਾਨਸਿਕ ਤਿਆਰੀਆਂ ਨੂੰ ਅੰਜਾਮ ਦਿੱਤਾ ਹੈ , ਤਾਂ ਜੋ ਇਕ ਉਮਦਾ ਬਾਕਸਰ ਦੇ ਕਿਰਦਾਰ ਨੂੰ ਹਰ ਪੱਖੋਂ ਅਸਲੀਅਤ ਜਾਮਾ ਪਹਿਨਾਇਆ ਜਾ ਸਕੇ। ਉਨਾਂ ਦੱਸਿਆ ਕਿ ਫਿਲਮ ਵਿਚ ਰਾਜ ਕਾਕੜਾ, ਪ੍ਰਭ ਗਰੇਵਾਲ, ਮਲਕੀਤ ਰੌਣੀ, ਸੁੱਖੀ ਚਾਹਲ, ਗੁਰਪ੍ਰੀਤ ਕੌਰ ਭੰਗੂ, ਸੀਮਾਂ ਕੌਸਲ, ਸੁਖਬੀਰ ਗਿੱਲ ਜਿਹੇ ਮੰਨੇ ਪ੍ਰਮੰਨੇ ਕਲਾਕਾਰ ਵੀ ਮਹੱਤਵਪੂਰਨ ਭੂਮਿਕਾ ਵਿਚ ਨਜਰ ਆਉਣਗੇ। ਉਨਾਂ ਦੱਸਿਆ ਕਿ ਉਨਾਂ ਲਈ ਅਥਾਹ ਖੁਸ਼ੀ ਵਾਲੀ ਗੱਲ ਹੈ ਕਿ ਭਾਰਤ ਦੀ ਅਜ਼ੀਮ ਹਸਤੀ ਤੇ ਉਨਾਂ ਨੂੰ ਫਿਲਮ ਬਣਾਉਣ ਅਤੇ ਉਨਾਂ ਦਾ ਕਿਰਦਾਰ ਕਰਨ ਦਾ ਮਾਣ ਹਾਸਿਲ ਹੋਣ ਜਾ ਰਿਹਾ ਹੈ, ਜਿਸ ਤੋਂ ਬਾਅਦ ਉਹ ਅੱਗੇ ਵੀ ਆਪਣੀ ਮਿੱਟੀ ਅਤੇ ਪੰਜਾਬੀਅਤ ਲਈ ਅਜਿਹੀਆਂ ਨਾਯਾਬ ਕੋਸ਼ਿਸਾਂ ਨੂੰ ਲਗਾਤਾਰ ਅੰਜਾਮ ਦਿੰਦੇ ਰਹਿਣਗੇ।

**–ਨਿਰਮਲਜੀਤ 91–99143–92166**

# ਅਦਾਕਾਰ ਹਰੀਸ਼ ਵਰਮਾ, ਯੁਵਰਾਜ ਹੰਸ ਅਤੇ ਪ੍ਰਭ ਗਿੱਲ ਬਣੇ ਯਾਰ ਅਣਮੁੱਲੇ, ਨਵੀ ਫਿਲਮ ‘ਯਾਰ ਅਣਮੁੱਲੇ ਰਿਟਰਨਜ਼’ ਦੀ ਸ਼ੂਟਿੰਗ ਹੋਈ ਸ਼ੁਰੂ

2011 ਦੀ ਬਲਾਕਬਸਟਰ ਫ਼ਿਲਮ ਯਾਰ ਅਣਮੁੱਲੇ ਨੂੰ ਦਰਸ਼ਕਾਂ ਵੱਲੋ ਭਰਵਾ ਹੁੰਗਾਰਾ ਮਿਲਿਆ ਸੀ। ਫ਼ਿਲਮ ਨੂੰ ਦਰਸ਼ਕਾਂ ਨੇ ਆਪਣੇ ਪਰਿਵਾਰ ਵਾਲਿਆਂ ਦੇ ਨਾਲ ਵੀ ਦੇਖਿਆ ਅਤੇ ਕਾਮੇਡੀ ਦਾ ਮਜ਼ਾ ਲਿਆ ਸੀ। ਫ਼ਿਲਮ ਦੀ ਟੀਮ ਹੁਣ 4 ਸਾਲ ਬਾਦ ਇਕ ਵਾਰੀ ਫੇਰ ਤੋਂ ਇਕੱਠੀ ਹੋਣ ਜਾ ਰਹੀ ਹੈ ।ਸ਼੍ਰੀ ਫ਼ਿਲਮਜ਼ (ਸੁਰ ਸੰਗਮ ਗਰੁੱਪ ਵੈਂਚਰ) ਦੇ ਮਾਲਿਕ ਜਰਨੈਲ ਘੁਮਾਣ, ਅਧੰਮਿਆ ਸਿੰਘ, ਡਾ. ਵਰੁਣ ਮਲਿਕ, ਅਮਨਦੀਪ ਸਿਹਾਗ , ਬਤਰਾ ਸ਼ੋਅਬਿਜ਼ ਦੀ ਐਸੋਸੀਏਸ਼ਨ ਦੇ ਨਾਲ ਲੈ ਕੇ ਆ ਰਹੇ ਨੇ ਆਪਣੀ ਅਗਲੀ ਫ਼ਿਲਮ ’ਯਾਰ ਅਣਮੁੱਲੇ ਰਿਟਨਜ਼’।ਫ਼ਿਲਮ ਦੇ ਮਹੂਰਤ ਦੀ ਫੋਟੋਆਂ ਸ਼ੋਸ਼ਲ ਮੀਡੀਆ ਤੇ ਸ਼ੇਅਰ ਕਰਦੇ ਹੋਇਆ ਫ਼ਿਲਮ ਦੇ ਪੇਸ਼ਕਾਰ ਸ਼੍ਰੀ ਜਰਨੈਲ ਘੁਮਾਣ ਨੇ ਦੱਸਿਆ ਕਿ ਇਹ ਫ਼ਿਲਮ ਸੰਗੀਤ, ਕਹਾਣੀ ਅਤੇ ਕਾਮੇਡੀ ਪੱਖੋਂ ਪਾਏਦਾਰ ਫ਼ਿਲਮ ਹੋਵੇਗੀ।

ਯਾਰ ਅਣਮੁੱਲੇ ਰਿਟਰਨਜ਼ 2011 ਵਿੱਚ ਰਿਲੀਜ਼ ਹੋਈ ਫ਼ਿਲਮ ਯਾਰ ਅਣਮੁੱਲੇ ਦਾ ਤੀਜਾ ਭਾਗ ਹੈ । ਇਸ ਫਿਲਮ ਦੇ ਡਾਇਰੈਕਟਰ ਹੈਰੀ ਭੱਟੀ ਨੇ ਫ਼ਿਲਮ ਬਾਰੇ ਦੱਸਦੇ ਹੋਏ ਕਿਹਾ ਕਿ ਇਸ ਭਾਗ ਦੇ ਸਾਰੇ ਕਲਾਕਾਰ ਪਹਿਲੀ ਫ਼ਿਲਮ ਵਾਂਗ ਹੀ ਹੋਣਗੇ। ਇਸ ਦੇ ਨਾਲ ਹੀ ਓਹਨਾ ਦੇ ਨਾਮ ਵੀ ਓਹੀ ਰਹਿਣਗੇ ।ਬਦਲਾਵ ਦੇ ਵਿੱਚ ਤੁਹਾਨੂੰ ਆਰਯਾ ਬੱਬਰ ਦੀ ਜਗਾਹ ਇਸ ਵਾਰ ਪ੍ਰਭ ਗਿੱਲ ਦੇਖਣ ਨੂੰ ਮਿਲਣਗੇ । ਇਸ ਦੇ ਨਾਲ ਹੀ ਫ਼ਿਲਮ ਦੀਆਂ ਐਕਟਰੈਸਜ਼ ਵੀ ਨਵੀਆਂ ਹੋਣਗੀਆਂ ।ਫਿਲਮ ਦੇ ਨਿਰਦੇਸ਼ਕ ਹੈਰੀ ਭੱਟੀ ਹਨ ਜਿਨਾਂ ਨੇ ਪਹਿਲਾਂ ਵੀ ਰੱਬ ਦਾ ਰੇਡੀਓ, ਆਟੇ ਦੀ ਚਿੜੀ, ਦੋ ਦੂਨੀ ਪੰਜ ਵਰਗੀਆਂ ਫ਼ਿਲਮਾਂ ਡਾਇਰੈਕਟ ਕੀਤੀਆਂ ਹਨ । ਇਸ ਫ਼ਿਲਮ ਦੇ ਲੇਖਕ ਹੋਣ ਦੇ



ਨਾਲ ਨਾਲ ਇਸ ਫਿਲਮ ਵਿੱਚ ਡਾਇਲੌਗ ਅਤੇ ਸਕ੍ਰੀਨਪਲੇਅ ਦਾ ਕੰਮ ਵੀ ਗੁਰਜਿੰਦ ਮਾਨ ਹੋਰਾਂ ਨੇ ਹੀ ਕੀਤਾ ਹੈ ਜੋ ਕਿ ਪਹਿਲਾਂ ਵੀ ’ਵਨਸ ਅਪੋਨ ਆ ਟਾਈਮ ਇਨ ਅੰਮ੍ਰਿਤਸਰ’, ’ਵੰਡ’ ਅਤੇ ’ਪੰਜਾਬ ਸਿੰਘ’ ਵਰਗੀਆਂ ਫ਼ਿਲਮਾਂ ਨੂੰ ਕਹਾਣੀ ਦੇ ਚੁੱਕੇ ਹਨ।ਇਸ ਫ਼ਿਲਮ ਦੀ ਸਟਾਰਕਾਸਟ ’ਚ ਹਰੀਸ਼ ਵਰਮਾ, ਯੁਵਰਾਜ ਹੰਸ ਅਤੇ ਪ੍ਰਭ ਗਿੱਲ ਲੀਡ ਕਰਦੇ ਨਜ਼ਰ ਆਉਣਗੇ । ਇਹਨਾਂ ਦਾ ਸਾਥ ਨਿਭਾਉਣਗੀਆਂ ਨਵਪ੍ਰੀਤ ਬੰਗਾ, ਨਿਕੀਤ ਢਿੱਲੋਂ ਅਤੇ ਜੇਸਲੀਨ ਸਲੈਚ । ਨਵਪ੍ਰੀਤ ਬੰਗਾ ਨੇ ਹਾਲ ਹੀ ਦੇ ਵਿੱਚ ਹਨੀ ਸਿੰਘ ਦੇ ਨਾਲ ਗੁੜ ਨਾਲੋਂ ਇਸ਼ਕ ਮਿੱਠਾ ਗਾਣੇਂ ਵਿੱਚ ਪਰਫ਼ਾਰਮ ਕੀਤਾ ਅਤੇ ਪੰਜਾਬੀ ਫ਼ਿਲਮ ’ਮੁੰਡਾ ਫਰੀਦਕੋਟੀਆ’ ਦੇ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਸੀ । ਨਿਕੀਤ ਢਿੱਲੋਂ ਨੇ ਵੀ ਹਾਲ ਹੀ ਦੇ ਵਿੱਚ ਰਿਲੀਜ਼ ਹੋਈ ਫਿਲਮ ’ਸਿਕੰਦਰ 2’ ’ਚ ਗੁਰੀ ਦੇ ਨਾਲ ਅਹਿਮ ਭੂਮਿਕਾ ਨਿਭਾਈ ਸੀ । ਇਸ ਦੇ ਨਾਲ ਹੀ ਜੇਸਲੀਨ ਸਲੈਚ ਨੂੰ ਵੀ ਕਈ ਹਿੱਟ ਪੰਜਾਬੀ ਗਾਣੇਂ ਜਿਵੇ ਕਿ ਬਾਪੂ ਜ਼ਿਮੀਦਾਰ, ਲੈਂਸਰ ਆਦਿ ਵਿੱਚ ਦੇਖਿਆ ਗਿਆ ਹੈ । ਇਸ ਫਿਲਮ ਦੀ ਸ਼ੂਟਿੰਗ ਦਾ ਪਹਿਲਾ ਭਾਗ ਹਿਮਾਚਲ ਪ੍ਰਦੇਸ਼ ਦੀਆਂ ਸ਼ਾਨਦਾਰ ਵਾਦੀਆਂ ਵਿੱਚ ਸ਼ੂਟ ਕੀਤਾ ਜਾਵੇਗਾ ਅਤੇ ਬਾਕੀ ਦੀ ਸ਼ੂਟਿੰਗ ਪੰਜਾਬ ਵਿੱਚ ਹੋਵੇਗੀ। 6 ਮਾਰਚ 2020 ਨੂੰ ਸਿਨੇਮਾਘਰਾਂ ’ਚ ਦਸਤਕ ਦੇਣ ਜਾ ਰਹੀ ਇਸ ਫਿਲਮ ਦੇ ਨਿਰਮਾਤਾ ਸ਼੍ਰੀ ਜਰਨੈਲ ਘੁਮਾਣ, ਸ਼੍ਰੀ ਅਦੰਮਿਆ ਸਿੰਘ, ਡਾ. ਵਰੁਣ ਮਲਿਕ, ਸ਼੍ਰੀ ਅਮਨਦੀਪ ਸਿਹਾਗ ਅਤੇ ਮਿੱਠੂ ਝਾਜੜਾ ਹਨ। ਇਸ ਫ਼ਿਲਮ ਦਾ ਸੰਗੀਤ ਗੁਰਮੀਤ ਸਿੰਘ ਅਤੇ ਪਰਗਟ ਘੁਮਾਣ ਵੱਲੋਂ ਦਿੱਤਾ ਜਾਏਗਾ।

ਇਸ ਫ਼ਿਲਮ ਦੇ ਲਾਈਨ ਪ੍ਰੋਡਿਊਸਰ ਹਨ ਐਚ. ਵਿਰਕ ਜਿਹਨਾਂ ਨੇ ਪਹਿਲਾਂ ਵੀ ਕਈ ਪੰਜਾਬੀ ਫ਼ਿਲਮਾਂ ਵਿੱਚ ਕੰਮ ਕੀਤਾ ਹੈ ਅਤੇ ਇੰਦਰਜੀਤ ਗਿੱਲ ਕਰੀਏਟਿਵ ਪ੍ਰੋਡਿਊਸਰ ਦੀ ਭੂਮਿਕਾ ਨਿਭਾਉਣਗੇ।ਇਸ ਫਿਲਮ ਦੀ ਸ਼ੂਟਿੰਗ ਦੀ ਡੀ ਓ ਪੀ ਕਰਨਗੇ ਸ਼੍ਰੀ ਅੰਸ਼ੁਲ ਚੌਬੇ, ਜਿਹਨਾਂ ਨੇ ਪਹਿਲਾ ਕਈ ਹਿੱਟ ਫ਼ਿਲਮਾਂ ਜਿਵੇ ਕਿ ਪੰਜਾਬ 1984, ਜੱਟ ਐਂਡ ਜੂਲੀਅਟ ਸੀਰੀਜ਼, ਅੰਬਰਸਰੀਆ, ਡਿਸਕੋ ਸਿੰਘ ਆਦਿ ਦੇ ਵਿੱਚ ਕੰਮ ਕੀਤਾ ਹੈ। ਪਰਮਜੀਤ ਘੁਮਾਣ ਇਸ ਫ਼ਿਲਮ ਦੇ ਐਸੋਸੀਏਟ ਡਾਇਰੈਕਟਰ ਹਨ ।

**– ਹਰਜਿੰਦਰ ਸਿੰਘ ਜਵੰਦਾ 94638 28000**

# *ਵਿਰਸਾ:* ਹੁਣ ਕਿਸੇ-ਕਿਸੇ ਘਰ ਹੀ ਵੱਟੀਆਂ ਜਾਂਦੀਆਂ ਨੇ ਘੜਿਆਂ ’ਤੇ ’ਸੇਵੀਆਂ’

ਪਹਿਲੇ ਸਮਿਆਂ ਵਿੱਚ ਸੇਵੀਆਂ ਪੰਜਾਬੀਆਂ ਦੀ ਬਹੁਤ ਪਿਆਰੀ ਸਵੀਟ ਡਿਸ਼ ਹੁੰਦੀ ਸੀ। ਸੇਵੀਆਂ ਕਦੇ–ਕਦੇ ਜਾਂ ਪ੍ਰਾਹੁਣੇ ਆਇਆ 'ਤੇ ਬਣਾਈਆਂ ਜਾਂਦੀਆਂ ਸਨ। ਸੇਵੀਆਂ ਘਰ–ਘਰ ਬਣਾਈਆਂ ਜਾਂਦੀਆਂ ਸਨ। ਜਿਸ ਦਿਨ ਸੇਵੀਆਂ ਬਣਾਈਆਂ ਜਾਂਦੀਆਂ ਸਨ, ਉਸ ਦਿਨ ਸਾਰੇ ਟੱਬਰ ਨੂੰ ਗੋਡੇ–ਗੋਡੇ ਚਾਅ ਚੜ੍ਹ ਜਾਂਦਾ ਸੀ। ਸੇਵੀਆਂ ਗੁੱਗਾ ਨੌਮੀ ਦੇ ਤਿਉਹਾਰ ਤੋਂ ਪਹਿਲਾਂ ਵੱਟੀਆਂ ਜਾਂਦੀਆਂ ਸਨ, ਵਿਚਾਰ ਕੀਤਾ ਜਾਂਦਾ ਸੀ ਕਿ ਗੁੱਗਾ ਨੌਮੀ ਤੋ ਪਹਿਲਾਂ–ਪਹਿਲਾਂ ਵੱਟ ਲਈਆਂ ਜਾਣ। ਪਹਿਲੇ ਸਮਿਆਂ ਵਿੱਚ ਸੇਵੀਆਂ ਦੋ ਤਰ੍ਹਾਂ ਵੱਟੀਆਂ ਜਾਂਦੀਆਂ ਸਨ। ਸੇਵੀਆਂ ਵੱਟਣ ਦਾ ਪਹਿਲਾਂ ਢੰਗ ਘੜੇ ਜਾਂ ਚਾਟੀ ਨੂੰ ਮੂਧਾ (ਪੁੱਠਾ) ਮਾਰ ਕੇ ਉਸ ਉੱਪਰ ਗੁੰਨ੍ਹਿਆਂ ਮੈਦਾ ਰੱਖ ਕੇ, ਦੂਜਾ ਢੰਗ ਦੋਵਾਂ ਹੱਥਾਂ ਵਿੱਚ ਥੋੜ੍ਹਾ–ਥੋੜ੍ਹਾ ਆਟਾ ਫੜ ਕੇ ਅਤੇ ਉਂਗਲੀਆਂ ਤੇ ਅੰਗੂਠੇ ਦੀ ਦਾਬ ਨਾਲ ਵੱਟੀਆਂ ਜਾਂਦੀਆਂ ਸਨ। ਜਿਨ੍ਹਾਂ ਨੂੰ ਜੋਨਾਂ ਸੇਵੀਆਂ ਕਿਹਾ ਜਾਂਦਾ ਸੀ। ਸੇਵੀਆਂ ਆਮ ਤੌਰ ’ਤੇ ਆਂਢਣਾਂ–ਗੁਆਂਢਣਾਂ ਕੱਠੀਆਂ ਹੋ ਕੇ ਰਲ ਕੇ ਇਕ–ਦੂਜੇ ਦੀਆਂ ਵੱਟਦੀਆਂ ਸਨ। ਸਾਰੀਆਂ ਜ਼ਨਾਨੀਆਂ ਨੇ ਇਕੋ ਘਰ ਆਟਾ ਚੁੱਕ ਲਿਆਉਣਾ ਤੇ ਗੱਲਾਂ ਕਰਦੀਆਂ–ਕਰਦੀਆਂ ਨੇ ਕਦੋਂ ਸੇਵੀਆਂ ਵੱਟ ਲੈਣੀਆਂ, ਪਤਾ ਹੀ ਨਾ ਲੱਗਦਾ। ਪੁਰਾਣੇ ਪੰਜਾਬ ਦੀਆਂ ਸਾਰੀਆਂ ਜਨਾਨੀਆਂ ਸੇਵੀਆਂ ਵੱਟ ਲੈਂਦੀਆਂ ਸਨ। ਸੇਵੀਆਂ ਵੱਟਣ ਵਾਸਤੇ ਮੁੱਢਲੀ ਚੀਜ਼ ਮੈਦਾ ਹੁੰਦਾ ਸੀ। ਪਹਿਲਾ ਮੈਦਾ ਚੱਕੀ ਜਾਂ ਖਰਾਸ ਰਾਹੀ ਪੀਹ ਲਿਆ ਜਾਂਦਾ ਸੀ ਜਾਂ ਬਾਜ਼ਾਰ ਵਿਚੋਂ ਖਰੀਦਿਆਂ ਜਾਂਦਾ ਸੀ। ਫਿਰ ਇਸ ਪੀਸੇ ਹੋਏ ਮੈਦੇ ਨੂੰ ਕੱਪੜ– ਸਾਣ ਕਰਕੇ ਬਰੀਕ ਮੈਦਾ ਪ੍ਰਾਪਤ ਕਰ ਲਿਆ ਜਾਂਦਾ। ਇਸ ਤਰ੍ਹਾਂ ਲੋੜ ਜੋਗਾ ਮੈਦਾ ਤਿਆਰ ਕਰ ਲਿਆ ਜਾਂਦਾ ਸੀ। ਫਿਰ ਇਸ ਸੁੱਕੇ ਮੈਦੇ ਨੂੰ ਚੰਗੀ ਤਰ੍ਹਾਂ ਗੁੰਨ੍ਹ ਕੇ ਜਨਾਨੀਆਂ ਬੜਾ ਪੇੜਾ ਬਣਾ ਲੈਂਦੀਆਂ ਸਨ। ਪੇੜੇ ਨੂੰ ਸੁੱਕਣ ਤੋ ਬਚਾਉਣ ਲਈ ਸਰੋਂ ਦਾ ਤੇਲ ਲਾ ਕੇ ਪੌਣੇ ਨਾਲ ਢਕ ਦਿੰਦੇ ਸਨ। ਜੋ ਸੇਵੀਆਂ ਬਣਾਉਣ ਲਈ ਜ਼ਨਾਨੀਆਂ ਇਸ ਬੜੇ ਪੇੜੇ ਵਿਚੋਂ ਥੋੜ੍ਹਾ–ਥੋੜ੍ਹਾ ਆਟਾ ਲੈ ਕੇ ਅੰਗੂਠੇ ਤੇ ਉਂਗਲੀਆਂ ਦੀ ਦਾਬ ਨਾਲ ਸੇਵੀਆਂ ਵੱਟਦੀਆਂ ਸਨ। ਸੇਵੀਆਂ ਵੱਟਣ ਦੀ ਵੀ ਕਲਾ ਹੁੰਦੀ ਸੀ। ਇਹ ਸੇਵੀਆਂ ਥੋੜ੍ਹੀ ਲੰਬਾਈ ਦੀਆਂ ਬਣਦੀਆਂ ਸਨ। ਲੰਮੀਆਂ ਸੇਵੀਆਂ ਥਿੰਦੀ ਚਾਟੀ ਜਾਂ ਥਿੰਦੇ ਘੜੇ ਨੂੰ ਮੂਧਾ ਮਾਰ ਕੇ ਉਸ ਉੱਪਰ ਗੁੰਨ੍ਹਿਆ ਮੈਦਾ ਰੱਖ ਕੇ ਸੱਜੇ ਹੱਥ ਨਾਲ ਵਲ੍ਹੇਟ ਕੇ ਵੱਟੀਆਂ ਜਾਂਦੀਆਂ ਸਨ। ਜਦ ਇਹ ਗਜ਼–ਗਜ਼ ਲੰਮੀਆਂ ਹੋ ਜਾਂਦੀਆਂ ਤਾਂ ਇਹਨਾਂ ਨੂੰ ਕਿੱਕਰ ਜਾਂ ਕਰੀਰ ਦੀਆਂ ਝਿੱਗਾਂ ਉੱਤੇ ਸੁੱਟ ਦਿੱਤਾ ਜਾਂਦਾ। ਉਨ੍ਹਾਂ ਸਮਿਆਂ ਵਿਚ ਕਿੱਕਰਾਂ ਜਾਂ ਕਰੀਰ ਦੇ ਰੁੱਖ ਆਮ ਹੁੰਦੇ ਸਨ। ਫਿਰ ਸੇਵੀਆਂ ਵੱਟਣ ਵਾਲੀਆਂ ਮਸ਼ੀਨਾਂ ਆ ਗਈਆਂ, ਇਹ ਮਸ਼ੀਨ ਪਿੰਡ ਵਿੱਚ ਦੋ–ਚਾਰ ਘਰਾਂ ਕੋਲ ਹੀ ਹੁੰਦੀ ਸੀ ਤੇ ਹਰ ਰੋਜ਼ ਕੋਈ ਨਾ ਕੋਈ ਉਨ੍ਹਾਂ ਘਰ ਮਸ਼ੀਨ ਮੰਗਣ ਤੁਰਿਆ ਹੀ ਰਹਿੰਦਾ ਸੀ। ਕਈ ਵਾਰ ਤਾਂ ਜਿਹੜਾ ਮਸ਼ੀਨ ਲੈ ਕੇ ਗਿਆ ਹੁੰਦਾ, ਉਨ੍ਹਾਂ ਘਰੋਂ ਕਿਸੇ ਹੋਰ ਨੇ ਅੱਗੋਂ ਉਨ੍ਹਾਂ ਘਰੋਂ ਕਿਸੇ ਹੋਰ ਨੇ ਲੈ ਜਾਣੀ ਤੇ ਅਖੀਰ ਬੜੀ



ਮੁਸ਼ਕਲ ਨਾਲ ਮਿਲਦੀ। ਇਸ ਮਸ਼ੀਨ ਨੂੰ ਮੰਜੇ ਦੀ ਬਾਹੀ ਨਾਲ ਚੰਗੀ ਤਰ੍ਹਾਂ ਕੱਸਿਆ ਜਾਂਦਾ ਸੀ। ਇਕ ਜ਼ਨਾਨੀ ਮੰਜੇ ’ਤੇ ਬੈਠ ਕੇ ਮਸ਼ੀਨ ਨੂੰ ਗੇੜਾ ਦਿੰਦੀ ਸੀ, ਦੂਜੀ ਜ਼ਨਾਨੀ ਇਸ ਦੇ ਛੇਕ (ਮੂੰਹ) ਵਿਚ ਆਟਾ ਤੁੰਨਦੀ ਸੀ। ਗੇੜਾ ਦੇਣ ਨਾਲ 25–30 ਸੇਵੀਆਂ ਦੀ ਲੜੀ ਬਾਹਰ ਆ ਜਾਂਦੀ। ਜੇਕਰ ਮੋਟੀਆਂ ਸੇਵੀਆਂ ਚਾਹੀਦੀਆਂ ਹੁੰਦੀਆਂ ਤਾਂ ਮੋਟੀ ਛਾਨਣੀ ਫਿੱਟ ਕਰ ਲਈ ਜਾਂਦੀ ਤੇ ਬਰੀਕ ਸੇਵੀਆਂ ਵਾਸਤੇ ਬਰੀਕ ਛਾਨਣੀ ਫਿੱਟ ਕਰ ਲਈ ਜਾਂਦੀ ਸੀ। ਨਿਕਲਦੀਆਂ ਸੇਵੀਆਂ ਨੂੰ ਮਸ਼ੀਨ ਮੁੱਢੋਂ ਤੋੜ ਕੇ ਕਰੀਰ ਜਾਂ ਕਿੱਕਰ ਦੀਆਂ ਝਿੰਗਾਂ ਉੱਪਰ ਪਾ ਕੇ ਧੁੱਪੇ ਸੁੱਕਾ ਲੈਂਦੇ ਸਨ। ਸੇਵੀਆਂ ਨੂੰ ਸੁੱਕਣ ਪਿਛੋਂ ਕੱਪੜੇ ਵਿੱਚ ’ਕੱਠੀਆਂ ਕਰ ਲੈਂਦੇ ਸਨ। ਫਿਰ ਇਨ੍ਹਾਂ ਸੇਵੀਆਂ ਨੂੰ ਕਿਸੇ ਟੁੱਟੇ ਚਾਟੀ ਜਾਂ ਘੜੇ ਦੇ ਥੱਲੇ ਵਿੱਚ ਪਾ ਕੇ ਚੁੱਲੇ ਦੀ ਅੱਗ ਉੱਪਰ ਰੱਖ ਕੇ ਭੁੰਨ ਲਿਆ ਜਾਂਦਾ ਸੀ। ਭੁੱਜੀਆਂ ਹੋਈਆਂ ਸੇਵੀਆਂ ਨੂੰ ਦੁੱਧ ਵਿਚ ਉਬਾਲ ਕੇ ਬਣਾਇਆ ਜਾਂਦਾ ਸੀ। ਇਹਨਾਂ ਦਾ ਆਪਣਾ ਹੀ ਸਵਾਦ ਹੁੰਦਾ ਸੀ। ਕਈ ਸ਼ੌਕੀਨ ਜ਼ਨਾਨੀਆਂ ਰਸ ਪਾ ਕੇ ਵੀ ਆਟਾ ਗੁੰਨ੍ਹਦੀਆਂ ਸਨ। ਜਿਸ ਨਾਲ ਰੰਗ–ਬਰੰਗੀਆਂ ਸੇਵੀਆਂ ਦੇਖਣ ’ਚ ਬਹੁਤ ਹੀ ਸੋਹਣੀਆਂ ਲੱਗਦੀਆਂ ਸਨ। ਸੇਵੀਆਂ ਨੂੰ ਪੋਲੀਆਂ ਬਣਾਉਣ ਲਈ ਕਈ ਪਰਿਵਾਰ ਮੈਦੇ ਵਿਚ ਥੋੜੀ ਸੂਜੀ ਪਾ ਕੇ ਵੀ ਸੇਵੀਆਂ ਵੱਟ ਲੈਂਦੇ ਸਨ। ਪਹਿਲੇ ਸਮਿਆਂ ਵਿਚ ਜਦ ਭਾਈ ਆਪਣੀਆਂ ਭੈਣਾਂ ਨੂੰ ਸਹੁਰੀ ਮਿਲਣ ਜਾਂਦੇ ਸਨ ਤਾਂ ਉਹ ਕੱਚੀਆਂ ਸੇਵੀਆਂ ਆਪਣੀਆਂ ਭੈਣਾਂ ਨੂੰ ਜਰੂਰ ਲੈ ਕੇ ਜਾਂਦੇ ਸਨ ਤਾਂਹੀਓਂ ਤਾਂ ਇਸ ਦਾ ਜਿਕਰ ਗੀਤਾਂ ਵਿਚ ਆਉਂਦਾ ਹੈ÷

ਹੱਥ ਛੱਤਰੀ ਰੁਮਾਲ ਪੱਲੇ ਸੇਵੀਆਂ,
ਭੈਣ ਕੋਲ ਭਾਈ ਚੱਲਿਆ।

ਹੁਣ ਸੇਵੀਆਂ ਵੱਟਣ ਵਾਲੀਆਂ ਡੀਜ਼ਲ ਇੰਜਣ ਤੇ ਬਿਜਲੀ ਨਾਲ ਚੱਲਣ ਵਾਲੀਆਂ ਮਸ਼ੀਨਾਂ ਆ ਗਈਆਂ ਨੇ ਜਿਨ੍ਹਾਂ ਸੇਵੀਆਂ ਵੱਟਣ ਵਾਲੀਆਂ ਸੁਆਣੀਆਂ ਦਾ ਕੰਮ ਕੁਝ ਕੁ ਸੁਖਾਲਾ ਬਣਾ ਦਿੱਤਾ ਹੈ।’ ਹੁਣ ਬਾਹਾਂ ਦਾ ਬਹੁਤਾ ਜੋਰ ਲਾਉਣ ਦੀ ਜਰੂਰਤ ਨਹੀ ਰਹਿ ਗਈ। ਹੁਣ ਕੋਈ ਟਾਂਵਾਂ–ਟਾਂਵਾਂ ਘਰ ਹੀ ਚਾਟੀ, ਘੜੇ ’ਤੇ ਸੇਵੀਆਂ ਵੱਟਦਾ ਹੈ। ਕੋਈ ਪੁਰਾਣੀ ਬੁੜ੍ਹੀ ਠੇਰੀ ਹੀ ਆਪਣਾ ਸ਼ੌਕ ਪੂਰਾ ਕਰਨ ਲਈ ਹੁਣ ਹੱਥ ਨਾਲ ਸੇਵੀਆਂ ਵੱਟਦੀ ਹੈ। ਹੁਣ ਮਿੱਠੀਆਂ ਸੇਵੀਆਂ ਖਾਣ ਦਾ ਰਿਵਾਜ ਤੇ ਹੱਥੀ ਵੱਟਣ ਦਾ ਰਿਵਾਜ ਦਿਨੋ–ਦਿਨ ਘਟਦਾ ਜਾ ਰਿਹਾ ਹੈ।



**ਤਸਵਿੰਦਰ ਸਿੰਘ ਬੜੈਚ**
91-98763-22677



ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਆ
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

ਜੁੱਗੋ ਜੁੱਗ ਅਟਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ, ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ,ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਖੁਸ਼ੀ ਵਿਚ ਕੁੱਲ ਲੋਕਾਈ ਨੂੰ **ਲੱਖ-ਲੱਖ ਵਧਾਈਆਂ**





ਗੁਰਬਿੰਦਰ ਸਿੰਘ ਪੰਮਾ ਅਤੇ ਅਮਰਜੀਤ ਸਿੰਘ ਪੰਮਾ ਆਪਣੇ ਪਿਤਾ ਸ. ਹਰਬੰਸ ਸਿੰਘ ਪੰਮਾ ਦੇ ਨਾਲ

**ਸ. ਹਰਬੰਸ ਸਿੰਘ ਪੰਮਾ ਅਤੇ ਸਮੂਹ ਪੰਮਾ ਪਰਿਵਾਰ**




# Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




**Indian Restaurant**
**For Sale In Stockton**
**All Equipment & Fixtures Included**
**Listing Price: $149,900**




**2 Bedroom, 2 Bathroom**
**Sqft: 1280*, Lot Size: 3920***
**Listing Price: $295,000**
**Sacramento, CA**




**Smoke Shop for Sale in Sacramento**
**Monthly Gross Sales: $50K**
**Listing Price: $89,000**




**Gas Station, Liquor Store,**
**Deli, & Laundromat!**
**In Contra Costa County, CA**
**Listing Price: $1,200,000**




**Auto Repair & Lube Shop**
**Lot Size: 2000, Rent is ONLY**
**$1500/mo.**
**Listing Price to $139,000**
**Sacramento, CA**




**Liquor Store for Sale in Santa Clara**
**Monthly Gross Sale: $90K**
**Listing Price: $649,000 plus Inventory**




**3 Bedroom, 3 Bathroom**
**Sqft: 1567*, Lot Size: 2448***
**Listing Price: $325,000**
**Sacramento, CA**




**5 Bedroom, 4 Bathroom**
**Sqft: 3006, Lot Size: 8276***
**Listing Price: $599,000**
**Sacramento, CA**




**Subway**
**for Sale in Sacramento**
**Listing Price: $224,900**




**Indian Restaurant**
**for Sale in Sacramento**
**Listing Price: $149,000**




**Liquor Store for Sale in Sacramento**
**Monthly Gross Sale: 80K**
**Down Payment: 350K (Seller will carry Rest)**
**Listing Price: $499,000 plus Inventory**




**Coffee Shop for Sale**
**Monthly Gross Sales: $25,000**
**Listing Price: $150,000**




**4 Bedroom, 3 Bathroom**
**Sqft: 2476*, Lot Size: 6617***
**Listing Price: $549,900 Elk Grove, CA**




**5 Bedroom, 4 Bathroom**
**Sqft: 2725*, Lot Size: 5249***
**Listing Price: $489,000 Elk Grove, CA**




**3 Bedroom, 2 Bathroom**
**Sqft: 1675*, Lot Size: 4792***
**Listing Price: $398,000 Sacramento, CA**




**BERKSHIRE HATHAWAY**
**Home Services**
**Elite Real Estate**

# OFFICE: 7412 ELSIE AVE., SACRAMENTO, CA 95828

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਆ।। ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।।






ਜੁੱਗੋ ਜੁੱਗ ਅਟਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ, ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ, ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਖੁਸ਼ੀ ਵਿਚ ਕੁੱਲ ਲੋਕਾਈ ਨੂੰ **ਲੱਖ-ਲੱਖ ਵਧਾਈਆਂ**



ਮਾਸਟਰ ਗੁਰਦਿੱਤ ਸਿੰਘ ਜਲਵੇਹੜਾ



# ਸ. ਅਵਤਾਰ ਸਿੰਘ ਰੌੜ



ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ (Great Grand Nehpew) ਸ੍ਰੀ ਰਾਜ ਰਤਨ ਅੰਬੇਦਕਰ ਦਾ ਕੈਲੇਫੋਰਨੀਆ (ਅਮਰੀਕਾ) ਪਹੁੰਚਣ 'ਤੇ ਭੀਮ ਇੰਟਰਨੈਸ਼ਨਲ ਯੂ. ਐਸ. ਏ. ਵੱਲੋਂ ਨਿੱਘਾ ਸਵਾਗਤ ਕੀਤਾ ਜਾਂਦਾ ਹੈ।

## ਵਿਨੋਦ ਕੁਮਾਰ ਚੁੰਬਰ

ਫਾਊਂਡਰ ਮੈਂਬਰ
(ਭੀਮ ਇੰਟਰਨੈਸ਼ਨਲ ਯੂ. ਐਸ. ਏ.)
510-953-9800








## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੇ ਮੈਂਬਰ ਅਤੇ ਸੰਗਤ


# TANDOOR
Indian Restaurant

**27167 Mission Blvd. Hayward, CA 95544**

ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ




WE ARE SPECIALIST IN CATERING & SPECIAL ITEMS ARE AVAILABLE HERE:

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

**Ph. 510-885-1212, Fax. 510-885-1532**

**We are open seven days 11 AM to 10 PM**

# ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਮੌਕੇ ਮੁਢਲੇ ਮੈਂਬਰਾਂ ਤੇ ਪਰਿਵਾਰਾਂ ਦਾ ਸਨਮਾਨ, 3 ਨਵੰਬਰ ਨੂੰ ਹੋਣ ਜਾ ਰਹੇ ਵਿਸ਼ਾਲ ਨਗਰ ਕੀਰਤਨ ਦੀ ਤਿਆਰੀ ਮੁਕੰਮਲ

**ਯੂਬਾ ਸਿਟੀ , ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਯੂਬਾ ਸਿਟੀ ਦੇ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ ਦੇ 50ਵੇਂ ਸਥਾਪਨਾ ਦਿਵਸ ਮੌਕੇ ਗੁਰੂ ਘਰ ਦੇ ਮੁਢਲੇ ਮੈਂਬਰਾਂ ਨੂੰ ਜਾਂ ਉਨਾਂ ਦੇ ਪਰਿਵਾਰਾਂ ਦੇ ਜੀਆਂ ਨੂੰ ਸਨਮਾਨ ਦਿੱਤਾ ਗਿਆ। ਇਹ ਸਨਮਾਨ ਗੁਰਦੁਆਰਾ ਸਾਹਿਬ ਦੇ ਮੁਢਲੇ ਪ੍ਰਬੰਧਕ ਬਜੁਰਗ ਸ. ਦਿਦਾਰ ਸਿੰਘ ਬੈਂਸ ਨੇ ਦਿੱਤੇ। ਇਸ ਮੌਕੇ ਉਨਾਂ ਦੇ ਨਾਲ ਮੌਜੂਦਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵੰਤ ਸਿੰਘ ਬੈਂਸ, ਸੈਕਟਰੀ ਸਰਬਜੀਤ ਸਿੰਘ ਥਿਆੜਾ, ਖਜਾਨਚੀ ਹਰਮਿੰਦਰ ਸਿੰਘ ਆਦਿ ਹਾਜਰ ਸਨ। ਇਸ ਦੌਰਾਨ 40 ਵੇਂ ਨਗਰ ਕੀਰਤਨ ਦੇ ਸਬੰਧ ਚ ਚਲ ਰਹੇ ਦਿਵਾਨਾਂ ਦੌਰਾਨ ਪਹਿਲਾਂ ਅਖੰਡਪਾਠ ਦੇ ਭੋਗ ਪਾਏ ਗਏ ਤੇ ਕੀਰਤਨੀਏ ਭਾਈ ਕੁਲਦੀਪ ਸਿੰਘ ਟੋਹਾਣਾ, ਭਾਈ ਮਲਕੀਤ ਸਿੰਘ ਜੀ, ਭਾਈ ਜਸਵੰਤ ਸਿੰਘ ਜੀ, ਭਾਈ ਜੁਝਾਰ ਸਿੰਘ ਜੀ, ਮਨੋਹਰ ਸਿੰਘ ਜੀ ਜੱਥੇ ਵਲੋ ਹਰ ਰੋਜ ਕੀਰਤਨ ਕੀਤਾ ਜਾ ਰਿਹਾ ਹੈ। ਇਸ ਮੌਕੇ ਸੈਕਟਰੀ ਸਰ-ਬਜੀਤ ਥਿਆੜਾ ਨੇ ਜਾਣਕਾਰੀ ਦਿੱਤੀ ਕਿ ਇਸ ਸਾਲ ਵੀ 3 ਨਵੰਬਰ ਨੂੰ ਹੋਣ ਜਾ ਰਹੇ ਵਿਸ਼ਾਲ ਨਗਰ ਕੀਰਤਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ, ਜਿਸ ਵਿੱਚ ਸਕਿਉਰਿਟੀ ਦਾ ਖਾਸ ਪ੍ਰਬੰਧ ਹੈ, ਬਾਕੀ ਪ੍ਰਬੰਧਾਂ ਲਈ ਸਬ ਕਮੇਟੀਆਂ ਬਣਾਈਆਂ ਗਈਆਂ ਹਨ, ਉਨਾਂ ਕਿਹਾ ਕਿ ਐਤਕਾਂ ਵੀ ਦੇਸ਼ਾਂ ਵਿਦੇਸ਼ਾਂ ਤੋ 60 ਹਜਾਰ ਤੋਂ ਵੱਧ ਦੀ ਤਦਾਦ ਵਿੱਚ ਸੰਗਤ ਪਹੁੰਚਣ ਦੀ ਆਸ ਹੈ। ਇਸ ਦੌਰਾਨ ਸ਼ੁਕਰਵਾਰ 1 ਨਵੰਬਰ ਨੂੰ ਸ਼ਾਂਮ 8 ਵਜੇ ਆਤਿਸ਼ਬਾਜੀ ਹੋਵੇਗੀ, 2 ਨਵੰਬਰ ਨੂੰ ਅਮ੍ਰਿਤ ਸੰਚਾਰ ਹੋਵੇਗਾ, ਸਵੇਰੇ ਨਿਸ਼ਾਨ ਸਾਹਿਬ ਦੇ ਚੋਲੇ ਬਦਲੇ ਜਾਣਗੇ, ਦਸ਼ਮੇਸ਼ ਹਾਲ ਚ 1 ਵਜੇ ਸੈਮੀਨਾਰ ਹੋਵੇਗਾ, ਇਸੇ ਦਿਨ ਸੁੰਦਰ ਦਸਤਾਰ ਮੁਕਾਬਲੇ ਹੋਣਗੇ ਤੇ ਸ਼ਾਮ ਤੋਂ ਦਿਵਾਨ ਸਜਣਗੇ ਤੇ ਰੈਣ ਸੁਬਾਈ ਕੀਰਤਨ ਹੋਣਗੇ , ਐਤਵਾਰ ਨੂੰ ਦਿਵਾਨਾਂ ਤੋਂ ਇਲਾਵਾ ਵਿਸ਼ਾਲ ਨਗਰ ਕੀਰਤਨ ਹੋਵੇਗਾ। ਅੱਜ 50 ਵੀਂ ਬਰਸੀ ਮੌਕੇ ਗੁਰੂ ਘਰ ਦੇ ਜਿਨਾਂ ਮੁਢਲੇ ਮੈਂਬਰਾਂ ਨੂੰ ਸਨਮਾਨ ਦਿੱਤਾ ਗਿਆ ਉਨਾਂ ਚ ਬਖਤਾਵਰ ਸਿੰਘ ਪੁਰੇਵਾਲ, ਊਧਮ ਸਿੰਘ ਪੁਰੇਵਾਲ, ਸੋਹਨ ਸਿੰਘ, ਕਰਤਾਰ ਸਿੰਘ ਖੇੜਾ, ਅਮਰ ਸਿੰਘ ਸਮਰਾ, ਦਿਦਾਰ ਸਿੰਘ ਬੈਂਸ, ਭਗਤ ਸਿੰਘ ਥਿਆੜਾ, ਮੇਜਰ ਸਿੰਘ ਪੂੰਨੀਆਂ, ਪ੍ਰੀਤਮ ਸਿੰਘ ਪੂੰਨੀਆਂ, ਮੇਹਰ ਸਿੰਘ, ਪਾਖਰ ਸਿੰਘ ਬਾਠ, ਹਰਭਜਨ ਸਿੰਘ ਜੌਹਲ, ਗੰਡਾ ਸਿੰਘ ਹੀਰ, ਫਕੀਰ ਚੰਦ ਚੀਮਾ, ਸੇਵਾ ਸਿੰਘ ਹੀਰ, ਦਵਿੰਦਰ ਸਿੰਘ ਬੈਂਸ, ਉਜਾਗਰ ਸਿੰਘ ਚੀਮਾ, ਸਵਰਨ ਸਿੰਘ ਤੱਖਰ, ਗੁਲਜਾਰ ਸਿੰਘ ਬੈਂਸ, ਗੁਰਦਾਵਰ ਸਿੰਘ ਢਿਲੋਂ, ਉਤਮ ਸਿੰਘ ਬੈਂਸ, ਮਲਕੀਤ ਸਿੰਘ ਜੋਹਲ, ਰਜਿੰਦਰ ਸਿੰਘ ਧਾਮੀ, ਲਾਲ ਸਿੰਘ ਰਾਏ, ਕਰਨੈਲ ਸਿੰਘ ਤੱਖਰ ਤੇ ਰਤਨ ਸਿੰਘ ਸਹੋਤਾ ਨੂੰ ਸਨਮਾਨ ਦਿੱਤਾ ਗਿਆ। **ਤਸਵੀਰਾਂ- ਇੰਦਰਜੀਤ ਸਿੰਘ ਰੰਧਾਵਾ (ਸੰਪਾਦਕ 'ਖੁਸ਼ਬੂ ਪੰਜਾਬ ਦੀ')**























ਪੂਜਾ ਅਕਾਲ ਕੀ ਪਰਚਾ ਸ਼ਬਦ ਕਾ ਦੀਦਾਰ ਖਾਲਸੇ ਕਾ




## ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਵਸ ਨੂੰ ਸਮਰਪਿਤ

# ਯੂਬਾ ਸਿਟੀ ਦਾ 40ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

**03 ਨਵੰਬਰ 2019 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ**

**ਸਮੂਹ ਨਾਨਕ ਨਾਮ ਲੇਵਾ ਸੰਗਤਾਂ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂਘਰ ਦੀਆਂ ਰੌਣਕਾਂ ਵਧਾਉ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ**

## ਪ੍ਰੋਗਰਾਮ ਦਾ ਵੇਰਵਾ

### ਅਖੰਡ ਪਾਠ ਸਾਹਿਬ ਦੀ ਲੜੀ

ਅਖੰਡ ਪਾਠ ਸਾਹਿਬ ਦੀ ਲੜੀ:- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 12 ਸਤੰਬਰ ਤੋਂ ਸ਼ੁਰੂ ਹੈ ਜਿਸਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ ਸਮੂਹ ਸਾਧ ਸੰਗਤ ਵੱਲੋਂ 01 ਨਵੰਬਰ ਦਿਨ ਸ਼ੁੱਕਰਵਾਰ ਤੋਂ ਆਰੰਭ ਹੋ ਕੇ 03 ਨਵੰਬਰ ਦਿਨ ਐਤਵਾਰ ਨੂੰ ਸਵੇਰੇ 7:30 ਵਜੇ ਭੋਗ ਪੈਣਗੇ।

### ਵਿਸ਼ੇਸ਼ ਢਾਡੀ ਦਰਬਾਰ

12 ਅਕਤੂਬਰ ਦਿਨ ਸ਼ਨਿੱਚਰਵਾਰ
ਸ਼ਾਮ 6:00 ਵਜੇ ਤੋਂ 10:00 ਵਜੇ ਤੱਕ

### ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ

13 ਅਕਤੂਬਰ ਦਿਨ ਐਤਵਾਰ,
ਸ਼ਾਮ 6:30 ਵਜੇ ਤੋਂ ਰਾਤ 10 ਵਜੇ ਤੱਕ

### ਵਿਸ਼ੇਸ਼ ਕਵੀ ਦਰਬਾਰ

19 ਅਕਤੂਬਰ ਦਿਨ ਸ਼ਨੀਵਾਰ ਸ਼ਾਮ 6:00 ਵਜੇ ਤੋਂ 10 ਵਜੇ ਤੱਕ

### ਸਥਾਪਨਾ ਦਿਵਸ

ਸਾਧ ਸੰਗਤ ਜੀ ਨਿਮਰਤਾ ਸਹਿਤ ਬੇਨਤੀ ਹੈ ਕਿ ਗੁਰਦਵਾਰਾ ਸਾਹਿਬ ਦੇ 50ਵੇਂ ਸਥਾਪਨਾ ਦਿਵਸ ਦੀ ਖੁਸ਼ੀ ਵਿੱਚ 26 ਅਕਤੂਬਰ ਸ਼ਨੀਵਾਰ ਤੋਂ 28 ਅਕਤੂਬਰ ਸੋਮਵਾਰ ਤੱਕ 1 ਅਖੰਡ ਪਾਠ ਸਾਹਿਬ ਦੀ ਸੇਵਾ ਆਪ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਮੂਹ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸੇਵਾਦਰਾਂ ਵੱਲੋਂ ਹੋਵੇਗੀ। ਭੋਗ ਉਪਰੰਤ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ।

### ਬੰਦੀ ਛੋੜ ਦਿਵਸ (ਦੀਵਾਲੀ)

ਅਕਤੂਬਰ 27 ਦਿਨ ਐਤਵਾਰ ਨੂੰ ਸ਼ਾਮ 6:00 ਵਜੇ ਤੋਂ ਰਾਤ 10:30 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ ਅਤੇ ਦੀਪਮਾਲਾ ਹੋਵੇਗੀ।

### ਆਤਿਸ਼ਬਾਜ਼ੀ

ਨਗਰ ਕੀਰਤਨ ਦੀ ਖੁਸ਼ੀ ਵਿੱਚ 01 ਨਵੰਬਰ, ਦਿਨ ਸ਼ੁਕਰਵਾਰ ਨੂੰ ਰਾਤ 8:00 ਵਜੇ ਆਤਿਸ਼ਬਾਜੀ ਕੀਤੀ ਜਾਵੇਗੀ।

### ਅਮ੍ਰਿੰਤ ਸੰਚਾਰ

2 ਨਵੰਬਰ 2019 ਦਿਨ ਸ਼ਨਿੱਚਰਵਾਰ ਸਵੇਰੇ 05:00 ਵਜੇ ਅਮ੍ਰਿੰਤ ਸੰਚਾਰ ਆਰੰਭ ਹੋਵੇਗਾ। ਅਮ੍ਰਿੰਤ ਅਭਿਲਾਖੀ ਸੰਗਤਾਂ ਆਪਣੇ ਨਾਮ ਭਾਈ ਬਲਜੀਤ ਸਿੰਘ ਜੀ ਹੈੱਡ ਗ੍ਰੰਥੀ ਕੋਲ ਲਿਖਵਾ ਕੇ ਕਕਾਰ ਪ੍ਰਾਪਤ ਸਕਦੀਆ ਹਨ।

### ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ

ਚੋਲੇ ਦੀ ਸੇਵਾ 02 ਨਵੰਬਰ, ਦਿਨ ਸ਼ਨਿੱਚਰਵਾਰ ਨੂੰ ਸਵੇਰੇ 9:00 ਵਜੇ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ।

### ਲੈਕਚਰ ਸ਼ੈਸ਼ਨ ਸੈਮੀਨਾਰ

ਨਵੰਬਰ 02 ਦਿਨ ਸ਼ਨਿੱਚਰਵਾਰ ਨੂੰ ਦਸ਼ਮੇਸ਼ ਹਾਲ ਵਿੱਚ ਬਾਅਦ ਦੁਪਿਹਰ 1:00 ਵਜੇ ਤੋਂ 4:00 ਵਜੇ ਤੱਕ

### ਸੁੰਦਰ ਦਸਤਾਰ ਮੁਕਾਬਲਾ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਯੂਬਾ ਸਿਟੀ ਦੇ ਨਗਰ ਕੀਰਤਨ ਦੀ ਖੁਸ਼ੀ ਵਿੱਚ ਸਾਹਿਬਜਾਦਾ ਅਜੀਤ ਸਿੰਘ ਕੱਲਬ ਵੱਲੋਂ ਸੁੰਦਰ ਦਸਤਾਰ ਮੁਕਾਬਲਾ 02 ਨਵੰਬਰ, ਦਿਨ ਸ਼ਨਿੱਚਰਵਾਰ ਨੂੰ 11:00 ਵਜੇ ਕਰਵਾਇਆ ਜਾ ਰਿਹਾ ਹੈ। ਜੇਤੂਆਂ ਨੂੰ ਸ਼ੀਲਡਾਂ ਅਤੇ ਨਗਦ ਇਨਾਮ ਦਿੱਤਾ ਜਾਵੇਗਾ।

### ਰੈਣ ਸਬਾਈ ਕੀਰਤਨ

02 ਨਵੰਬਰ ਸ਼ਨੀਵਾਰ ਸ਼ਾਮ 6.00 ਵਜੇ ਤੋਂ ਰਾਤ 01.00 ਵਜੇ ਤੱਕ ਹੋਵੇਗਾ, ਜਿਸ ਵਿੱਚ ਪ੍ਰਸਿੱਧ ਰਾਗੀ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ।

**ਪਹੁੰਚ ਰਹੇ ਰਾਗੀ ਜੱਥੇ ਅਤੇ ਪ੍ਰਚਾਰਕ:-** ਭਾਈ ਜੁਝਾਰ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅਮ੍ਰਿੰਤਸਰ ਸਾਹਿਬ), ਭਾਈ ਕੁਲਦੀਪ ਸਿੰਘ ਟੋਹਾਣੇ ਵਾਲੇ, ਭਾਈ ਜਸਵੰਤ ਸਿੰਘ ਜੀ ਜੀਰਾ, ਭਾਈ ਮਲਕੀਤ ਸਿੰਘ ਜੀ ਲੁਧਿਆਣੇ ਵਾਲੇ, ਭਾਈ ਮਨੋਹਰ ਸਿੰਘ ਜੀ ਦਿੱਲੀ ਵਾਲੇ (ਹਜ਼ੂਰੀ ਰਾਗੀ ਗੁਰਦਵਾਰਾ ਸਾਹਿਬ ਯੂਬਾ ਸਿਟੀ), ਗਿਆਨੀ ਲਖਵਿੰਦਰ ਸਿੰਘ ਜੀ ਸੋਹਲ ਦਾ ਢਾਢੀ ਜਥਾ, ਕਥਾਵਾਚਕ ਭਾਈ ਹਰਜਿੰਦਰ ਸਿੰਘ ਸਭਰਾ ਜੀ ਆਪ ਸਮੂਹ ਸਾਧ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ।

*ਨੋਟ:-ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰਫ਼ ਨਿਯਤ ਜਗ੍ਹਾ 'ਤੇ ਹੀ ਕੀਤੀ ਜਾਵੇ ਜੀ।*
*ਰਿਵਰ ਵੈਲੀ ਹਾਈ ਸਕੂਲ 801 El Margarita Rd, Yuba City, CA 95993 ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6.30 ਵਜੇ ਤੱਕ ਫਰੀ ਬੱਸਾਂ ਦਾ ਪ੍ਰਬੰਧ ਹੋਵੇਗਾ*

**ਨਗਰ ਕੀਰਤਨ 'ਚ ਫਲੋਟ ਸ਼ਾਮਲ ਕਰਨ ਅਤੇ ਹੋਰ ਜਾਣਕਾਰੀ ਲੈਣ ਲਈ ਇਨ੍ਹਾਂ ਨੰਬਰਾਂ ਤੇ ਕਾਲ ਕਰ ਸਕਦੇ ਹੋ**

- ਹੈਡ ਗ੍ਰੰਥੀ ਭਾਈ ਬਲਜੀਤ ਸਿੰਘ ਜੀ:- 530-673-9918
- ਪ੍ਰਧਾਨ ਸ. ਜਸਵੰਤ ਸਿੰਘ ਬੈਂਸ 530-701-3971
- ਸੈਕਟਰੀ ਸ. ਸਰਬਜੀਤ ਸਿੰਘ ਥਿਆੜਾ 530-682-5861
- ਖਜਾਨਚੀ ਸ. ਹਰਮਿੰਦਰ ਸਿੰਘ 530-682-2484